## ਅਧਿਆਇ 4

# ਪੌਲੁਸ ਦੀ ਆਤਮ-ਰੱਖਿਆ ਅਤੇ ਨਿਖੇਧੀ

ਕੁਰਿੰਥੁਸ ਦੀ ਕਲੀਸਿਆ ਵਿੱਚ ਵੰਡ ਪੈ ਰਹੀ ਸੀ। ਮਨੁੱਖੀ ਬੁੱਧ ਉੱਤੇ ਲੋੜ ਤੋਂ ਵਧ ਜ਼ੋਰ ਦੇਣ ਦੇ ਕਾਰਣ ਦਲਬੰਦੀ ਹੋ ਰਹੀ ਸੀ। ਪੌਲੁਸ ਨੇ ਆਪਣੇ ਪਾਠਕਾਂ ਨੂੰ ਝਿੜਕਿਆ ਅਤੇ ਚਿਤਾਉਣੀ ਦਿੱਤੀ ਕਿ ਉਸ ਖੁਸ਼ ਖਬਰੀ ਵੱਲ ਵਾਪਿਸ ਮੁੜਣ ਜਿਹੜੀ ਉਨ੍ਹਾਂ ਨੇ ਕੁਝ ਵਰ੍ਹੇ ਪਹਿਲਾਂ ਉਸ ਦੇ ਪ੍ਰਚਾਰ ਵਿੱਚ ਸੁਣੀ ਸੀ।

ਵੰਡ ਨੂੰ ਲੈ ਕੇ ਉਸ ਦੇ ਸਾਹਮਣੇ ਖੜਾ ਟੀਚਾ ਬੜਾ ਔਖਾ ਸੀ, ਪਰ ਇਸ ਤੋਂ ਇਲਾਵਾ ਉਸ ਨੂੰ ਇੱਕ ਹੋਰ ਮਸਲੇ ਨਾਲ ਨਜਿੱਠਣਾ ਸੀ। ਇਸ ਦੇ ਵਿੱਚ ਉਹ ਆਪ ਸ਼ਾਮਲ ਸੀ। ਕੁਝ ਲੋਕ ਪੌਲੁਸ ਦੇ ਇਖਤਿਆਰ ਉੱਤੇ ਸਵਾਲ ਚੁੱਕ ਰਹੇ ਸਨ। ਬਾਰ-ਬਾਰ ਪੌਲੁਸ ਨੂੰ ਆਪਣੇ ਬਾਰੇ ਕੁਝ ਨਾ ਕੁਝ ਆਖਣਾ ਪਿਆ – ਪ੍ਰਭੂ ਦੇ ਨਾਲ ਉਸ ਦੇ ਸੰਬੰਧ ਬਾਰੇ ਅਤੇ ਕੁਰਿੰਥੁਸ ਦੀ ਕਲੀਸਿਆ ਦੇ ਨਾਲ ਉਸ ਦੇ ਜਾਰੀ ਰਹਿਣ ਵਾਲੇ ਸੰਬੰਧ ਬਾਰੇ।

ਇਸ ਸਮੱਸਿਆ ਦੇ ਨਾਲ ਪੌਲੁਸ ਦੇ ਨਜਿੱਠਣ ਦੀ ਨੀਤੀ ਅੱਜ ਵੀ ਸਪੱਸ਼ਟ ਤੌਰ ’ਤੇ ਮੌਜੂਦਾ ਕਲੀਸਿਆ ਲਈ ਵੀ ਲਾਗੂ ਹੁੰਦੀ ਹੈ। ਆਮਤੌਰ ’ਤੇ ਸੱਚਾਈ ਦੀ ਭਾਲ ਉਸ ਵੇਲੇ ਮਦਦਗਾਰ ਹੁੰਦੀ ਹੈ ਜਦੋਂ ਸੱਚਾਈ ਦੀ ਭਾਲ ਕਰਨ ਵਾਲਾ ਇਸ ਦੀ ਜਾਂਚ ਬਿਨਾ ਕਿਸੇ ਪੱਖਪਾਤ ਦੇ ਕਰਦਾ ਹੈ। ਪਰ ਫਿਰ ਵੀ ਅਜਿਹੀ ਨਿਰਲਿਪਤਤਾ ਪਰਮੇਸ਼ੁਰ ਬਾਰੇ ਅਤੇ ਉਸ ਦੇ ਨਾਲ ਮਨੁੱਖੀ ਸੰਬੰਧ ਬਾਰੇ ਸੱਚਾਈ ਦੀ ਭਾਲ ਵੇਲੇ ਇੱਕ ਜ਼ਿੰਮੇਵਾਰੀ ਬਣ ਜਾਂਦੀ ਹੈ।

ਪਰਮੇਸ਼ੁਰ ਦੀ ਸੱਚਾਈ ਦੀ ਪਰਵਾਨਗੀ ਪਰਵਾਨ ਕਰਨ ਵਾਲੇ ਦੀ ਜੀਵਨ-ਸ਼ੈਲੀ ਨੂੰ ਨਿਰਧਾਰਿਤ ਕਰਦੀ ਹੈ। ਜਿਹੜੇ ਪ੍ਰਸ਼ਨ ਇਹ ਭਾਲ ਕਰਦੇ ਹਨ ਕਿ ਮਨੁੱਖ ਹੋਣ ਦਾ ਤਾਤਪਰਜ ਕੀ ਹੈ, ਕਿਸੇ ਵਿਅਕਤੀ ਨੂੰ ਦੂਜਿਆਂ ਨਾਲ ਕਿਵੇਂ ਵਿਹਾਰ ਕਰਨਾ ਚਾਹੀਦਾ ਹੈ, ਪਰਮੇਸ਼ੁਰ ਕੀ ਮੰਗ ਕਰਦਾ ਹੈ, ਅਤੇ ਜੀਵਨ ਦਾ ਅੰਤ ਕੀ ਹੈ, ਉਨ੍ਹਾਂ ਨੂੰ ਪੂਰੀ ਤਰ੍ਹਾਂ ਨਿਰਲਿਪਤ ਹੋ ਕੇ ਨਹੀਂ ਪੁੱਛਿਆ ਜਾ ਸਕਦਾ। ਇਨ੍ਹਾਂ ਪ੍ਰਸ਼ਨਾਂ ਵਿੱਚ ਨਿੱਜੀ ਸਮਰਪਣ ਜ਼ਰੂਰੀ ਹੈ। ਆਤਮਕ ਆਗੂ ਵੱਲੋਂ ਇਸ ਵਿਸ਼ੇ ’ਤੇ ਪੂਰਣ ਨਿਰਲਿਪਤਤਾ ਨਾ ਸਿਰਫ ਪ੍ਰੇਰਣਾ ਦੇਣ ਵਿੱਚ ਵਿਫਲ ਹੁੰਦੀ ਹੈ, ਸਗੋਂ ਇਸ ਦੀ ਮਾਫੀ ਵੀ ਨਹੀਂ ਮਿਲ ਸਕਦੀ।

ਕੁਰਿੰਥੀਆਂ ਨੂੰ ਲਿਖੇ ਗਏ ਇਸ ਪੱਤਰ ਵਿੱਚ ਅਸੀਂ ਵੇਖਦੇ ਹਾਂ ਕਿ ਪੌਲੁਸ ਉਨ੍ਹਾਂ ਗੱਲਾਂ ਦੇ ਪ੍ਰਤੀ ਸਮਰਪਿਤ ਹੈ ਜਿਹੜੀਆਂ ਮਸੀਹ ਨੂੰ ਮਹਿਮਾ ਦਿੰਦੀਆਂ ਹਨ, ਅਤੇ ਜਿਨ੍ਹਾਂ ਸਦਕਾ ਪਰਮੇਸ਼ੁਰ ਦੇ ਨਾਲ ਪਾਪੀਆਂ ਦਾ ਪੁਨਰਮੇਲ ਹੁੰਦਾ ਹੈ। ਰਸੂਲ ਪੌਲੁਸ ਜਾਣਦਾ ਸੀ ਕਿ ਕਲੀਸਿਆ ਉਸ ਬਾਰੇ ਜੋ ਨਿੱਜੀ ਤੌਰ ’ਤੇ ਸੋਚਦੀ ਅਤੇ ਮੰਨਦੀ ਹੈ, ਉਸ ਦਾ ਸਿੱਧਾ ਪ੍ਰਭਾਵ

ਮਸੀਹ ਦੇ ਵਿੱਚ ਉਨ੍ਹਾਂ ਦੀ ਆਸ ਅਤੇ ਉਸ ਦੇ ਪ੍ਰਤੀ ਆਗਿਆਕਾਰੀ ਉੱਤੇ ਪਵੇਗਾ। ਹਾਲਾਂਕਿ ਉਹ ਅਜਿਹਾ ਕਰਨਾ ਨਹੀਂ ਚਾਹੁੰਦਾ ਸੀ, ਤਾਂ ਵੀ ਉਸ ਨੂੰ ਆਪਣੇ ਆਲੋਚਕਾਂ ਨਾਲ ਨਜਿੱਠਣਾ ਪਿਆ ਅਤੇ ਆਪਣੀ ਸੇਵਾ ਦੀ ਆਤਮ-ਰੱਖਿਆ ਕਰਨੀ ਪਈ।

## ਸੇਵਕਪੁਣਾ ਬਨਾਮ ਹੰਕਾਰੀ ਨਿਆਉਂ (4:1-5)

**[1]ਆਦਮੀ ਸਾਨੂੰ ਇਉਂ ਜਾਣੇ ਜਿਉਂ ਮਸੀਹ ਦੇ ਸੇਵਕ ਅਤੇ ਪਰਮੇਸ਼ੁਰ ਦੇ ਭੇਤਾਂ ਦੇ ਮੁਖਤਿਆਰ। [2]ਫੇਰ ਇੱਥੇ ਮੁਖਤਿਆਰਾਂ ਵਿੱਚ ਇਹ ਚਾਹੀਦਾ ਹੈ ਜੋ ਓਹ ਮਾਤਬਰ ਹੋਣ। [3]ਪਰ ਮੇਰੇ ਲੇਖੇ ਇਹ ਅੱਤ ਛੋਟੀ ਗੱਲ ਹੈ ਭਈ ਤੁਹਾਥੋਂ ਅਥਵਾ ਇਨਸਾਨੀ ਅਦਾਲਤ ਤੋਂ ਮੇਰੀ ਜਾਚ ਕੀਤੀ ਜਾਵੇ ਸਗੋਂ ਮੈਂ ਆਪ ਵੀ ਆਪਣੀ ਜਾਚ ਨਹੀਂ ਕਰਦਾ ਹਾਂ। [4]ਭਾਵੇਂ ਮੈਂ ਆਪਣੇ ਆਪ ਵਿੱਚ ਕੋਈ ਦੋਸ਼ ਨਹੀਂ ਵੇਖਦਾ ਤਾਂ ਵੀ ਇਸ ਤੋਂ ਮੈਂ ਨਿਰਦੋਸ਼ ਨਹੀਂ ਠਹਿਰਦਾ ਪਰ ਮੇਰੀ ਜਾਚ ਕਰਨ ਵਾਲਾ ਪ੍ਰਭੂ ਹੈ। [5]ਇਸ ਲਈ ਜਿੰਨਾ ਚਿਰ ਪ੍ਰਭੂ ਨਾ ਆਵੇ ਤੁਸੀਂ ਸਮੇਂ ਤੋਂ ਪਹਿਲਾਂ ਕਿਸੇ ਗੱਲ ਦਾ ਨਬੇੜਾ ਨਾ ਕਰੋ। ਉਹ ਤਾਂ ਅਨ੍ਹੇਰੇ ਦੀਆਂ ਗੁਪਤ ਗੱਲਾਂ ਨੂੰ ਪਰਕਾਸ਼ ਕਰੇਗਾ ਅਤੇ ਮਨ ਦੀਆਂ ਦਲੀਲਾਂ ਨੂੰ ਪਰਗਟ ਕਰੇਗਾ ਅਤੇ ਉਸ ਵੇਲੇ ਹਰ ਕਿਸੇ ਨੂੰ ਪਰਮੇਸ਼ੁਰ ਦੀ ਵੱਲੋਂ ਵਡਿਆਈ ਮਿਲੇਗੀ।**

**ਆਇਤ 1.** ਪੌਲੁਸ ਨੇ ਪਹਿਲਾਂ ਆਪਣੇ ਆਪ ਨੂੰ ਅਤੇ ਅਪੁੱਲੋਸ ਨੂੰ "ਸੇਵਕ" ਆਖਿਆ ਸੀ (3:5); ਪਰ ਉੱਥੇ ਉਸ ਨੇ ਵਧੇਰੇ ਆਮ ਸ਼ਬਦ διάκονοι (*ਡਿਆਕੋਨੋਇ*) ਦੀ ਵਰਤੋਂ ਕੀਤੀ ਸੀ, ਜਿਸ ਦਾ ਅਰਥ ਉਸ ਸ਼ਬਦ ਨਾਲੋਂ ਵੱਖਰਾ ਹੈ ਜਿਹੜਾ 4:1 ਵਿੱਚ "ਸੇਵਕ" (ὑπηρέται, *ਹੁਪੇਰੇਟਾਈ*) ਵਜੋਂ ਕੀਤਾ ਗਿਆ ਹੈ। ਬਾਅਦ ਵਾਲੇ ਸ਼ਬਦ ਦੀ ਵਰਤੋਂ ਕਦੇ-ਕਦੇ ਸਰਕਾਰੀ ਅਧਿਕਾਰੀ ਜਾਂ ਵੈਦ ਦੇ ਸਹਾਇਕ ਦੇ ਲਈ ਕੀਤੀ ਜਾਂਦੀ ਸੀ। ਪੌਲੁਸ ਦੀ ਪਹਿਲੀ ਮਿਸ਼ਨਰੀ ਯਾਤਰਾ ਦੇ ਅਰੰਭ ਵਿੱਚ, ਯੂਹੰਨਾ ਮਰਕੁਸ ਉਸ ਦੇ ਨਾਲ ਅਤੇ ਬਰਨਬਾਸ ਦੇ ਨਾਲ ਉਨ੍ਹਾਂ ਦੇ "ਸਹਾਇਕ" (ὑπηρέτης, *ਹੁਪੇਰੇਟਾਈ*;[1] ਰਸੂਲਾਂ ਦੇ ਕਰਤੱਬ 13:5) ਵਜੋਂ ਗਿਆ ਸੀ। ਇਹ ਕੋਈ ਉੱਚੀ ਪਦਵੀ ਨਹੀਂ ਸੀ। ਜਿਵੇਂ ਪੌਲੁਸ ਨੇ ਇਸ ਸ਼ਬਦ ਦੀ ਵਰਤੋਂ ਇੱਥੇ ਕੀਤੀ ਹੈ ਉਹ ਦਰਸਾਉਂਦਾ ਹੈ ਕਿ ਉਹ ਆਪਣੇ ਲਈ ਜਾਂ ਅਪੁੱਲੋਸ ਲਈ ਇੱਕ ਸਹਾਇਕ ਤੋਂ ਵਧੇਰੇ ਕੋਈ ਪਦਵੀ ਨਹੀਂ ਚਾਹੁੰਦਾ ਸੀ। ਇਹ ਦੋਵੇਂ ਪ੍ਰਭੂ ਯਿਸੂ ਮਸੀਹ ਦੇ ਕੰਮ ਵਿੱਚ ਸਹਾਇਕ ਸਨ।

ਪੌਲੁਸ ਅਤੇ ਅਪੁੱਲੋਸ ਦੋਵੇਂ **ਸੇਵਕ** ਸਨ; ਉਨ੍ਹਾਂ ਨੇ ਆਪਣੀ ਸੇਵਾ ਨੂੰ ਬੜੀ ਗੰਭੀਰਤਾ ਨਾਲ ਲਿਆ। ਪ੍ਰਭੂ ਦੇ ਸਹਾਇਕ ਵਜੋਂ ਉਹ ਉਸ ਦੇ **ਮੁਖਤਿਆਰ** (οἰκονόμοι, *ਓਇਕੋਨੋਮੋਇ*) ਸਨ, ਉਹ ਸੇਵਕ ਜਿਹੜੇ ਆਪਣੇ ਮਾਲਕ ਦੇ ਹੁਕਮ ਦੇ ਪਾਬੰਦ ਰਹਿੰਦੇ ਹਨ। ਯਿਸੂ ਨੇ ਇੱਕ ਜ਼ਿੰਮੇਵਾਰੀ ਉਨ੍ਹਾਂ ਦੇ ਸਪੁਰਦ ਕੀਤੀ ਸੀ। ਕੁਰਿੰਥੁਸ ਦੇ ਮਸੀਹੀਆਂ ਦੇ ਲਈ ਉਨ੍ਹਾਂ ਦੀ ਸੇਵਾ ਮਸੀਹ ਦੇ ਪ੍ਰਤੀ ਉਨ੍ਹਾਂ ਦੀ ਸੇਵਾ ਦਾ ਸਿਰਫ ਇੱਕ ਹਿੱਸਾ ਸੀ। ਉਹ ਸੇਵਕ ਸਨ, ਪਰ ਨਾਲ ਹੀ ਉਹ **ਪਰਮੇਸ਼ੁਰ ਦੇ ਭੇਤਾਂ ਦੇ ਮੁਖਤਿਆਰ** ਵੀ ਸਨ। ਪੌਲੁਸ ਦਾ "ਭੇਤਾਂ" ਤੋਂ ਜੋ ਅਰਥ ਸੀ ਉਸ ਦੀ ਵਿਆਖਿਆ ਅਫ਼ਸੀਆਂ 3:4-7 ਵਿੱਚ ਕੀਤੀ ਗਈ ਹੈ:

> ਜਿਸ ਤੋਂ ਤੁਸੀਂ ਪੜ੍ਹ ਕੇ ਜਾਣ ਸੱਕਦੇ ਹੋ ਜੋ ਮਸੀਹ ਦੇ ਭੇਤ ਵਿੱਚ ਮੇਰੀ ਸਮਝ ਕਿੰਨੀ ਹੈ। ਉਹ ਹੋਰਨਾਂ ਸਮਿਆਂ ਵਿੱਚ ਇਨਸਾਨਾਂ ਉੱਤੇ ਉਸ ਪਰਕਾਰ ਨਹੀਂ ਖੋਲ੍ਹਿਆ ਗਿਆ ਜਿਸ

ਪਰਕਾਰ ਹੁਣ ਉਹ ਦੇ ਪਵਿੱਤਰ ਰਸੂਲਾਂ ਅਤੇ ਨਬੀਆਂ ਉੱਤੇ ਆਤਮਾ ਨਾਲ ਪਰਕਾਸ਼ ਕੀਤਾ ਗਿਆ ਹੈ, ਅਰਥਾਤ ਏਹ ਕਿ ਮਸੀਹ ਵਿੱਚ ਖੁਸ਼ ਖਬਰੀ ਦੇ ਦੁਆਰਾ ਪਰਾਈਆਂ ਕੌਮਾਂ ਦੇ ਲੋਕ ਸੰਗੀ ਅਧਕਾਰੀ ਅਤੇ ਇੱਕੋ ਦੇਹੀ ਦੇ ਅਤੇ ਵਾਇਦੇ ਦੇ ਸਾਂਝੀ ਹਨ ਅਤੇ ਪਰਮੇਸ਼ੁਰ ਦੀ ਕਿਰਪਾ ਜੋ ਉਹ ਦੀ ਸਮਰੱਥਾ ਦੇ ਕਾਰਨ ਮੂਜਬ ਮੇਰੇ ਉੱਤੇ ਹੋਈ ਉਹ ਦੇ ਦਾਨ ਅਨੁਸਾਰ ਮੈਂ ਉਸ ਖੁਸ਼ ਖਬਰੀ ਦਾ ਸੇਵਕ ਬਣਿਆ।

ਸੰਦਰਭ ਵਿੱਚ ਅਜਿਹਾ ਕੁਝ ਵੀ ਨਹੀਂ ਹੈ ਜਿਹੜਾ ਇਹ ਸੰਕੇਤ ਕਰਦਾ ਹੋਵੇ ਕਿ ਇੱਥੇ ਯੂਨਾਨੀ ਰਹੱਸਮਈ ਧਰਮਾਂ ਬਾਰੇ ਗੱਲ ਹੋਈ ਹੈ, ਭਾਵੇਂ ਕਿ ਕੁਰਿੰਥੁਸ ਵਰਗੇ ਨਗਰ ਵਿਚਲੇ ਗੈਰ-ਯਹੂਦੀ ਜਾਂ ਗੈਰ-ਮਸੀਹੀ ਪਿਛੋਕੜ ਦੇ ਲੋਕ ਦੇਮੇਤਰ ਜਾਂ ਹੋਰਨਾਂ ਸੰਸਕ੍ਰਿਤੀਆਂ ਤੋਂ ਆਏ ਆਇਸਿਸ ਵਰਗੇ ਸਥਾਨਕ ਯੂਨਾਨੀ ਦੇਵਤਿਆਂ ਨਾਲ ਸੰਬੰਧਤ "ਭੇਤਾਂ" ਤੋਂ ਚੰਗੀ ਤਰ੍ਹਾਂ ਜਾਣੂ ਸਨ।

**ਆਇਤ 2.** ਕੁਰਿੰਥੁਸ ਜਾਂ ਹੋਰ ਕਿਸੇ ਵੀ ਥਾਂ 'ਤੇ ਮਸੀਹੀਆਂ ਵਿਚਕਾਰ ਪੌਲੁਸ ਦੀ ਸੇਵਾ ਭਾਵੇਂ ਕੁਝ ਵੀ ਕਿਉਂ ਨਾ ਰਹੀ ਹੋਵੇ, ਉਸ ਦਾ ਸਭ ਤੋਂ ਪਹਿਲਾ ਸਮਰਪਣ ਪ੍ਰਭੂ ਦੇ ਪ੍ਰਤੀ ਸੀ ਜਿਸ ਨੇ ਉਨ੍ਹਾਂ ਨੂੰ ਕੀਮਤ ਅਦਾ ਕਰਕੇ ਮੁੱਲ ਲਿਆ ਸੀ। ਪੌਲੁਸ ਨੇ ਆਪਣੀ ਸੇਵਾ ਦਾ ਵੇਰਵਾ ਨਹੀਂ ਦਿੱਤਾ, ਪਰ ਉਸ ਨੇ ਇਸ ਦੇ ਪ੍ਰਤੀ ਵਫਾਦਾਰ ਰਹਿਣ ਦੇ ਆਪਣੇ ਸੰਕਲਪ ਨੂੰ ਜਾਹਿਰ ਕੀਤਾ: . . . **ਫੇਰ ਇੱਥੇ ਮੁਖਤਿਆਰਾਂ ਵਿੱਚ ਇਹ ਚਾਹੀਦਾ ਹੈ ਜੋ ਓਹ ਮਾਤਬਰ ਹੋਣ।** ਮੁਖਤਿਆਰ ਇੱਕ ਭਰੋਸੇਮੰਦ ਸੇਵਕ ਹੁੰਦਾ ਸੀ ਜਿਸ ਨੂੰ ਸੰਪਤੀ ਦਾ ਪ੍ਰਬੰਧਕ ਠਹਿਰਾਇਆ ਜਾਂਦਾ ਸੀ। ਉਹ ਸੁਆਮੀ ਨਹੀਂ ਹੁੰਦਾ ਸੀ, ਪਰ ਮਾਲਕ ਦੀ ਗੈਰਹਾਜ਼ਰੀ ਵਿੱਚ ਕਾਰੋਬਾਰ ਨੂੰ ਚੱਲਦਾ ਰੱਖਣ ਦੀ ਜ਼ਿੰਮੇਵਾਰੀ ਉਸੇ ਦੀ ਹੁੰਦੀ ਸੀ।

ਪੌਲੁਸ ਦੇ ਇਹ ਲਿਖਣ ਤੋਂ ਲਗਭਗ ਦੋ ਦਹਾਕੇ ਪਹਿਲਾਂ ਯਿਸੂ ਨੇ ਆਤਮਕ ਸੱਚਾਈਆਂ ਸਿਖਾਉਣ ਲਈ ਮੁਖਤਿਆਰ ਦੀ ਭੂਮਿਕਾ ਨੂੰ ਲਾਭਕਾਰੀ ਸਮਝਿਆ ਸੀ। ਇੱਕ ਮੁਖਤਿਆਰ ਦੁਆਰਾ ਉਸ ਨੂੰ, ਜਿਸ ਨੇ ਉਸ ਨੂੰ ਇਸ ਭਰੋਸੇਯੋਗ ਪਦਵੀ ਉੱਥੇ ਨਿਯੁਕਤ ਕੀਤਾ ਸੀ, ਧੋਖਾ ਦਿੱਤੇ ਜਾਣ ਦੀ ਕਹਾਣੀ ਦੱਸ ਕੇ ਉਸ ਨੇ ਮਨੁੱਖ ਅਤੇ ਸੰਪਤੀ ਵਿਚਕਾਰਲੇ ਸੰਬੰਧ ਦਾ ਉਦਾਹਰਣ ਪੇਸ਼ ਕੀਤਾ ਸੀ (ਲੂਕਾ 16:1-9)। ਇੱਕ ਹੋਰ ਥਾਂ 'ਤੇ ਪ੍ਰਭੂ ਨੇ ਇਹ ਪੁੱਛਦਿਆਂ ਨਿਆਉਂ ਦੀ ਚਿਤਾਉਣੀ ਦਿੱਤੀ ਸੀ, "ਉਹ ਮਾਤਬਰ ਅਤੇ ਬੁੱਧਵਾਨ ਮੁੱਖਤਿਆਰ ਕੌਣ ਹੈ, ਜਿਹ ਨੂੰ ਮਾਲਕ ਆਪਣੇ ਨੌਕਰਾਂ ਚਾਕਰਾਂ ਉੱਤੇ ਠਹਿਰਾਵੇ . . .?" (ਲੂਕਾ 12:42)। ਪੌਲੁਸ ਨੇ ਪ੍ਰਭੂ ਅਤੇ ਆਪਣੇ ਵਿਚਾਲੇ ਸੰਬੰਧ ਨੂੰ ਇਸ ਤਰ੍ਹਾਂ ਸਮਝਿਆ ਕਿ ਇੱਕ ਮੁਖਤਿਆਰੀ ਉਸ ਦੇ ਸਪੁਰਦ ਕੀਤੀ ਗਈ ਹੈ (ਗਲਾਤੀਆਂ 1:15, 16)। ਨਿਰਸੰਦੇਹ ਇੱਕ ਜ਼ਿੰਮੇਵਾਰੀ ਦੇ ਸੰਦਰਭ ਵਿੱਚ ਰਸੂਲ ਮੁਖਤਿਆਰ ਸਨ। ਪਰ ਫਿਰ ਵੀ, ਵਿਸਤ੍ਰਿਤ ਸੰਦਰਭ ਵਿੱਚ ਸੰਪੂਰਣ ਮਸੀਹੀ ਜੀਵਨ ਲਈ ਮੁਖਤਿਆਰੀ ਇੱਕ ਸਹਾਇਕ ਸਿਧਾਂਤ ਹੈ। ਪਤਰਸ ਨੇ ਹਰੇਕ ਮਸੀਹੀ ਨੂੰ ਹੁਕਮ ਦਿੱਤਾ ਕਿ ਉਹ ਪਰਮੇਸ਼ੁਰ ਵੱਲੋਂ ਉਸ ਦੇ ਸਪੁਰਦ ਕੀਤੀ ਗਈ ਮੁਖਤਿਆਰੀ ਦੇ ਪ੍ਰਤੀ ਵਫਾਦਾਰ ਰਹੇ (1 ਪਤਰਸ 4:10)।

**ਆਇਤ 3.** ਕੁਝ ਲੋਕਾਂ ਦੀ ਮਾਨਤਾ ਇਹ ਸੀ ਕਿ ਉਨ੍ਹਾਂ ਨੇ ਪੌਲੁਸ ਦੀਆਂ ਖਾਮੀਆਂ ਨੂੰ ਉਜਾਗਰ ਕਰਕੇ ਸਹੀ ਕੀਤਾ ਸੀ। ਅਜਿਹਾ ਤਾਂ ਨਹੀਂ ਜਾਪਦਾ ਕਿ ਉਹ ਉਸ ਦੀਆਂ ਸਿੱਖਿਆਵਾਂ ਵਿਚਲੀ ਕਿਸੇ ਗੱਲ ਨੂੰ ਚੁਣੌਤੀ ਦੇ ਰਹੇ ਸਨ; ਉਨ੍ਹਾਂ ਦੀ ਵਧੇਰੀ ਆਲੋਚਨਾ ਉਸ ਦੇ ਤਰੀਕੇ ਬਾਰੇ ਸੀ। ਉਨ੍ਹਾਂ ਨੂੰ ਲੱਗਦਾ ਸੀ ਕਿ ਨਾ ਤਾਂ ਪੌਲੁਸ ਨੂੰ ਚੰਗੀ ਤਰ੍ਹਾਂ ਬੋਲਣਾ

ਆਉਂਦਾ ਸੀ ਅਤੇ ਨਾ ਹੀ ਉਸ ਦਾ ਸਰੂਪ ਜਾਂ ਉਸ ਦੇ ਤਰਕ ਵਧੇਰੇ ਸੁਆਰੇ ਸਨ। ਕੁਝ ਲੋਕਾਂ ਨੂੰ ਤਾਂ ਸ਼ਾਇਦ ਸ਼ਰਮ ਵੀ ਮਹਿਸੂਸ ਹੋਈ ਹੋਵੇਗੀ ਕਿ ਪੌਲੁਸ ਦੀ ਤੁਲਨਾ ਉਨ੍ਹਾਂ ਦੇ ਪਰਿਵਾਰਾਂ ਜਾਂ ਗੁਆਂਢੀਆਂ ਵਿਚਲੇ ਸੁਆਰੇ ਲੋਕਾਂ ਨਾਲ ਕੀਤੀ ਜਾਵੇ।

ਪੌਲੁਸ ਦੇ ਅਨੁਸਾਰ ਉਸ ਦੇ ਆਲੋਚਕ ਬਚਕਾਨਾ ਗੱਲਾਂ ਵਿੱਚ ਉਲਝੇ ਹੋਏ ਸਨ। ਉਸ ਨੇ ਆਖਿਆ ਕਿ ਉਨ੍ਹਾਂ ਦਾ ਤਰਕ **ਅੱਤ ਛੋਟੀ ਗੱਲ ਹੈ।** ਇਸ ਤੋਂ ਪੌਲੁਸ ਜ਼ਰਾ ਵੀ ਪਰੇਸ਼ਾਨ ਨਹੀਂ ਹੋਇਆ। ਬੇਨ ਵਿਦਰਿੰਗਟਨ ਤੀਜਾ ਨੇ ਇਹ ਵੇਰਵਾ ਪੇਸ਼ ਕੀਤਾ:

> ਇਹ ਉਨ੍ਹਾਂ ਦਾ ਹੱਕ ਸੀ ਕਿ ਉਹ ਆਪਣਿਆਂ ਮਨਾਂ ਵਿੱਚ ਪੌਲੁਸ ਦੀ ਜਾਂਚ ਕਰਨ, ਕਿਉਂਕਿ ਭਾਸ਼ਣਕਰਤਾਵਾਂ ਜਾਂ ਉਪਦੇਸ਼ਕਾਂ ਦੇ ਪ੍ਰਤੀ ਉਨ੍ਹਾਂ ਦੇ ਸਰੋਤੇ ਇਹੋ ਤਾਂ ਕਰਦੇ ਹੁੰਦੇ ਸਨ। ਉਨ੍ਹਾਂ ਦਾ ਇਹ ਨਿਆਉਂ ਇਸ ਬਾਰੇ ਬਹੁਤਾ ਨਹੀਂ ਸੀ ਕਿ ਪੌਲੁਸ ਪਰਮੇਸ਼ੁਰ ਦਾ ਇੱਕ ਵਾਜਿਬ ਸੇਵਕ ਹੈ ਜਾਂ ਨਹੀਂ, ਸਗੋਂ ਇਹ ਤਾਂ ਉਸ ਦੀ ਸੇਵਾ ਦੇ *ਤਰੀਕੇ* ਬਾਰੇ ਸੀ – ਅਰਥਾਤ ਉਸ ਦੇ ਸ਼ਬਦ ਅਤੇ ਉਸ ਦਾ ਵਿਅਕਤੀਗਤ ਸਰੂਪ। ਕਹਿਣ ਦਾ ਭਾਵ ਇਹ ਹੈ ਕਿ ਉਹ ਸ਼ਬਦਾਂ ਵਿੱਚ ਅਨਾੜੀ ਸੀ।[2]

ਪੌਲੁਸ ਦੇ ਸ਼ਬਦਾਂ ਤੋਂ ਇਹ ਸਿੱਟਾ ਕੱਢਣਾ ਇੱਕ ਗਲਤੀ ਹੋਵੇਗੀ ਕਿ ਪੌਲੁਸ ਨੂੰ ਇਸ ਦੀ ਕੋਈ ਪਰਵਾਹ ਨਹੀਂ ਸੀ ਕਿ ਲੋਕ ਉਸ ਦੀ ਸੇਵਾ ਬਾਰੇ ਕੀ ਸੋਚਦੇ ਸਨ। ਹਰੇਕ ਸੇਵਕ ਆਪਣੇ ਚਾਲਚਲਣ ਬਾਰੇ ਜਵਾਬਦੇਹ ਹੁੰਦਾ ਹੈ, ਅਤੇ ਪੌਲੁਸ ਦੇ ਰਸੂਲ ਹੋਣ ਬਾਰੇ ਵੀ ਇਹੋ ਸੱਚ ਸੀ। ਪੌਲੁਸ ਦੇ ਵਿਰੋਧੀ ਇਸੇ ਗੱਲ ਨੂੰ ਲੈ ਕੇ ਉਸ ਦਾ ਨਿਆਉਂ ਕਰਦੇ ਸਨ ਜਿਸ ਬਾਰੇ ਪੌਲੁਸ ਪਰੇਸ਼ਾਨ ਸੀ। ਉਸ ਦੀ ਸਿੱਖਿਆ ਦਾ ਤਰੀਕਾ ਅਤੇ ਸ਼ੈਲੀ ਉਨ੍ਹਾਂ ਦੀ ਆਲੋਚਨਾ ਦਾ ਕੇਂਦਰ ਸੀ। ਅਜਿਹੇ ਵੇਰਵੇ **ਇਨਸਾਨੀ ਅਦਾਲਤ** ਦੇ ਸੰਬੰਧ ਵਿੱਚ ਮਹੱਤਵਪੂਰਣ ਹਨ, ਪਰ ਖੁਸ਼ ਖਬਰੀ ਦੇ ਪ੍ਰਚਾਰ ਦੇ ਸੰਬੰਧ ਵਿੱਚ ਨਹੀਂ। ਰਸੂਲ ਪੌਲੁਸ ਨੇ ਆਖਿਆ, **ਸਗੋਂ ਮੈਂ ਆਪ ਵੀ ਆਪਣੀ ਜਾਚ ਨਹੀਂ ਕਰਦਾ ਹਾਂ।** ਪੌਲੁਸ ਵੱਲੋਂ ਕੀਤੇ ਖੁਸ਼ ਖਬਰੀ ਦੇ ਪ੍ਰਚਾਰ ਦਾ ਨਿਆਉਂ ਕਰਨ ਦਾ ਹੱਕ ਸਿਰਫ ਪ੍ਰਭੂ ਦੇ ਕੋਲ ਸੀ।

**ਆਇਤ 4.** ਇਨ੍ਹਾਂ ਸ਼ਬਦਾਂ ਵਿੱਚ ਉਸ ਦੀ ਦਿਲੇਰੀ ਦਾ ਭਾਵ ਦਿਖਾਈ ਦਿੰਦਾ ਹੈ, **ਭਾਵੇਂ ਮੈਂ ਆਪਣੇ ਆਪ ਵਿੱਚ ਕੋਈ ਦੋਸ਼ ਨਹੀਂ ਵੇਖਦਾ।** ਜ਼ਿਆਦਾਤਰ ਲੋਕ ਆਪਣੀਆਂ ਕਮਜ਼ੋਰੀਆਂ ਦਾ ਮੁਲਾਂਕਣ ਕਰਕੇ ਕੁਝ ਆਲੋਚਨਾਵਾਂ ਤਿਆਰ ਕਰ ਸਕਦੇ ਹਨ। ਪੌਲੁਸ ਨਿਰਦੋਸ਼ ਹੋਣ ਦਾ ਦਾਅਵਾ ਨਹੀਂ ਕਰ ਰਿਹਾ ਸੀ। ਪਰ ਨਾਲ ਹੀ ਆਪਣੀ ਖਰਾਈ ਦੀ ਰਾਖੀ ਕਰਨ ਵਿੱਚ ਵੀ ਉਸ ਨੂੰ ਕੋਈ ਇਤਰਾਜ਼ ਨਹੀਂ ਸੀ। ਪਰਮੇਸ਼ੁਰ ਸਾਹਮਣੇ ਆਪਣੀ ਜ਼ਿੰਮੇਵਾਰੀ, ਅਰਥਾਤ ਸੱਚਾਈ ਦੀ ਪੇਸ਼ਗੀ ਅਤੇ ਮਸੀਹੀ ਚਾਲਚਲਣ ਦੇ ਉਸ ਦੇ ਆਦਰਸ਼ ਦੇ ਸੰਬੰਧ ਵਿੱਚ ਪੌਲੁਸ ਬਿਨਾ ਕਿਸੇ ਹਿਚਕਿਚਾਹਟ ਦੇ ਆਪਣੇ ਵਿਰੋਧੀਆਂ ਦਾ ਸਾਹਮਣਾ ਕਰ ਸਕਦਾ ਸੀ। 4:16 ਵਿੱਚ ਉਸ ਨੇ ਲਿਖਿਆ, "ਸੋ ਮੈਂ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ ਜੋ ਤੁਸੀਂ ਮੇਰੀ ਰੀਸ ਕਰੋ" (ਵੇਖੋ 11:1)। ਪੌਲੁਸ ਨਾ ਤਾਂ ਪਾਪ ਨੂੰ ਅਣਦੇਖਾ ਕਰ ਰਿਹਾ ਸੀ ਅਤੇ ਨਾ ਹੀ ਉਸ ਨੂੰ ਹਲਕਾ ਜਾਣ ਰਿਹਾ ਸੀ। ਉਸ ਨੇ ਇਹ ਆਖ ਕੇ, "ਮੈਂ ਵੀ ਤਾਂ ਆਖਿਰਕਾਰ ਇੱਕ ਇਨਸਾਨ ਹੀ ਹਾਂ," ਅਨੈਤਿਕ ਜਾਂ ਬੇਇਮਾਨ ਚਾਲਚਲਣ ਲਈ ਕੋਈ ਬਹਾਨਾ ਪੇਸ਼ ਨਹੀਂ ਕੀਤਾ। ਕੋਈ ਵੀ ਇਸ ਗੱਲ ਤੋਂ ਇਨਕਾਰ ਨਹੀਂ ਕਰ ਸਕਦਾ ਕਿ ਉਸ ਨੇ ਉਨ੍ਹਾਂ ਲਈ ਇੱਕ ਚੰਗਾ ਉਦਾਹਰਣ ਪੇਸ਼ ਕੀਤਾ ਸੀ।

ਆਪਣੇ ਸ਼ਬਦਾਂ ਦੇ ਹੁਨਰ ਦੇ ਸੰਬੰਧ ਵਿੱਚ ਪੌਲੁਸ ਨੇ ਆਪਣੇ ਬਾਰੇ ਕੋਈ ਗੱਲ ਨਹੀਂ

ਆਖੀ, ਸਗੋਂ ਪ੍ਰਭੂ ਦੇ ਪ੍ਰਤੀ ਆਪਣੀ ਵਫਾਦਾਰੀ ਉੱਤੇ ਜ਼ੋਰ ਦਿੰਦਾ ਰਿਹਾ। ਉਸ ਨੇ ਪਰਮੇਸ਼ੁਰ ਦੇ ਵਚਨ ਨੂੰ ਆਪਣੇ ਜੀਵਨ ਦੇ ਮਾਰਗ ਦਰਸ਼ਕ ਵਜੋਂ ਗੰਭੀਰਤਾ ਨਾਲ ਲਿਆ। ਉਸ ਵੇਲੇ ਕਲੀਸਿਆ ਦਾ ਨੁਕਸਾਨ ਹੁੰਦਾ ਹੈ ਜਦ ਮਸੀਹੀ ਉਪਦੇਸ਼ਕਾਂ ਦੀ ਸਿੱਖਿਆ ਕੁਝ ਹੋਰ ਹੁੰਦੀ ਹੈ ਅਤੇ ਵਿਹਾਰ ਕੁਝ ਹੋਰ। ਪਰ ਫਿਰ ਵੀ ਪੌਲੁਸ ਸਾਵਧਾਨ ਸੀ। ਭਾਵੇਂ ਕਿ ਜਿਸ ਜੀਵਨ ਦਾ ਉਸ ਨੇ ਪ੍ਰਚਾਰ ਕੀਤਾ ਅਤੇ ਜਿਸ ਜੀਵਨ ਨੂੰ ਉਸ ਨੇ ਬਤੀਤ ਕੀਤਾ, ਉਸ ਵਿੱਚ ਉਸ ਨੇ ਕੋਈ ਭਿੰਨਤਾ ਨਹੀਂ ਕੀਤੀ, ਤਾਂ ਵੀ ਰਸੂਲ ਨੇ ਨਿਰਦੋਸ਼ ਹੋਣ ਦਾ ਕੋਈ ਦਾਅਵਾ ਨਹੀਂ ਕੀਤਾ। ਸਿਰਫ ਪਰਮੇਸ਼ੁਰ ਹੀ ਉਸ ਨੂੰ ਦੋਸ਼ੀ ਜਾਂ ਨਿਰਦੋਸ਼ ਐਲਾਨ ਕਰ ਸਕਦਾ ਸੀ: ਉਸ ਨੇ ਆਖਿਆ, **ਮੇਰੀ ਜਾਚ ਕਰਨ ਵਾਲਾ ਪ੍ਰਭੂ ਹੈ।** ਜੋ ਵੀ ਹੋਵੇ, ਪੌਲੁਸ ਦੇ ਆਲੋਚਕਾਂ ਨੇ ਉਸ ਦੇ ਨਿਆਈਂ ਬਣਨ ਦੀ ਤਿਆਰੀ ਚੰਗੀ ਤਰ੍ਹਾਂ ਨਹੀਂ ਕੀਤੀ ਸੀ।

**ਆਇਤ 5.** ਜਦ ਪੌਲੁਸ ਨੇ ਕੁਰਿੰਥੁਸ ਦੇ ਮਸੀਹੀਆਂ ਨੂੰ ਇਹ ਸੁਝਾਓ ਦਿੱਤਾ ਕਿ **ਜਿੰਨਾ ਚਿਰ ਪ੍ਰਭੂ ਨਾ ਆਵੇ ਤੁਸੀਂ ਸਮੇਂ ਤੋਂ ਪਹਿਲਾਂ ਕਿਸੇ ਗੱਲ ਦਾ ਨਬੇੜਾ ਨਾ ਕਰੋ,** ਤਾਂ ਉਹ ਇੱਕ ਵੱਖਰੇ ਪੱਧਰ ਦੇ ਨਿਆਉਂ ਦੀ ਗੱਲ ਕਰ ਰਿਹਾ ਸੀ। ਮੰਡਲੀ ਦੇ ਕੁਝ ਮੈਂਬਰ ਆਪਣੇ ਆਪ ਨੂੰ ਉਨ੍ਹਾਂ ਮਸਲਿਆਂ ਦੇ ਨਿਆਂਈ ਸਮਝ ਬੈਠੇ ਸਨ, ਜਿਨ੍ਹਾਂ ਵਿੱਚ ਨਾ ਤਾਂ ਉਨ੍ਹਾਂ ਨੂੰ ਕੋਈ ਇਖਤਿਆਰ ਸੀ ਅਤੇ ਨਾ ਹੀ ਯੋਗਤਾ। ਯਿਸੂ ਨੇ ਆਪਣੇ ਪੈਰੋਕਾਰਾਂ ਨੂੰ ਚਿਤਾਉਣੀ ਦਿੱਤੀ ਸੀ ਕਿ ਉਹ ਦੂਜਿਆਂ ਦੇ ਹਿਰਦੇ ਦਿਆਂ ਮਸਲਿਆਂ ਦੇ ਨਿਆਂਈ ਬਣਨ ਦਾ ਜਤਨ ਨਾ ਕਰਨ (ਮੱਤੀ 7:1-5; ਵੇਖੋ ਯਾਕੂਬ 4:11)। ਪਰ ਫਿਰ ਵੀ, ਰਸੂਲ ਪੌਲੁਸ ਇਹ ਆਖਣ ਦਾ ਜਤਨ ਨਹੀਂ ਕਰ ਰਿਹਾ ਸੀ ਕਿ ਸਾਰੇ ਨਿਆਉਂ ਉਸ ਵੇਲੇ ਤੱਕ ਬਰਖਾਸਤ ਕਰ ਦਿੱਤੇ ਜਾਣੇ ਚਾਹੀਦੇ ਹਨ ਜਦ ਤੱਕ ਪਰਧਾਨ ਦੂਤ ਆਖਰੀ ਤੁਰ੍ਹੀ ਨਹੀਂ ਫੂਕਦਾ। ਕੁਰਿੰਥੀਆਂ ਨੂੰ ਲਿਖੇ ਆਪਣੇ ਇਸ ਪੱਤਰ ਨੂੰ ਸਮਾਪਤ ਕਰਨ ਤੋਂ ਪਹਿਲਾਂ ਉਹ ਉਨ੍ਹਾਂ ਨੂੰ ਬੇਨਤੀ ਕਰਦਾ ਹੈ ਕਿ ਉਹ ਆਪਣੇ ਉਸ ਮੈਂਬਰ ਦਾ ਨਿਆਉਂ ਕਰਨ ਜਿਸ ਨੇ ਆਪਣੇ ਪਿਤਾ ਦੀ ਪਤਨੀ ਨੂੰ ਰੱਖ ਲਿਆ ਹੈ (5:1-5), ਉਨ੍ਹਾਂ ਝਗੜਿਆਂ ਦਾ ਨਿਬੇੜਾ ਕਰਨ ਜਿਹੜੇ ਉਨ੍ਹਾਂ ਵਿੱਚ ਉੱਠਦੇ ਹਨ (6:5), ਅਤੇ ਅਨੈਤਿਕ ਵਿਹਾਰ ਦੀ ਪਛਾਣ ਕਰਨ ਅਤੇ ਉਸ ਨੂੰ ਰੱਦਣ (ਵੇਖੋ 6:15)।

ਜਦ ਪ੍ਰਭੂ ਵਾਪਿਸ ਆਵੇਗਾ ਤਦ ਦੁਨਿਆਵੀ ਸਮਾਂ ਠਹਿਰ ਜਾਵੇਗਾ ਅਤੇ ਮਸੀਹ **ਅਨ੍ਹੇਰੇ ਦੀਆਂ ਗੁਪਤ ਗੱਲਾਂ ਨੂੰ ਪਰਕਾਸ਼ ਕਰੇਗਾ।** ਸਿਰਫ ਮਸੀਹ ਹੀ ਇਸ ਯੋਗ ਹੈ ਕਿ **ਮਨ ਦੀਆਂ ਦਲੀਲਾਂ ਨੂੰ ਪਰਗਟ ਕਰੇ।** ਪੌਲੁਸ ਨੇ ਇਹ ਤਰਕ ਪੇਸ਼ ਨਹੀਂ ਕੀਤਾ ਕਿ ਮਸੀਹ ਦਾ ਪਰਗਟ ਹੋਣਾ ਇਸ ਯੁੱਗ ਦਾ ਅੰਤ ਅਤੇ ਛੁਡਾਏ ਹੋਏ ਲੋਕਾਂ ਲਈ ਸਦੀਪਕ ਜੀਵਨ ਦਾ ਅਰੰਭ ਹੋਵੇਗਾ, ਕਿਉਂਕਿ ਇਸ ਨੂੰ ਤਾਂ ਪਰਤੱਖ ਤੌਰ ’ਤੇ ਪ੍ਰਮਾਣਿਤ ਮੰਨਦਾ ਸੀ। ਉਸ ਨੇ ਸੰਤਾਂ ਦੇ ਚੁੱਕ ਲਏ ਜਾਣ, ਧਰਤੀ ਉੱਤੇ ਮਸੀਹ ਦੇ ਇੱਕ ਹਜ਼ਾਰ ਵਰ੍ਹੇ ਦਾ ਰਾਜ, ਹਰਮਗਿੱਦੋਨ ਦੇ ਯੁੱਧ, ਯਹੂਦੀਆਂ ਦੇ ਇਸਰਾਏਲ ਵਿੱਚ ਮੁੜ ਵਸਾਏ ਜਾਣ, ਜਾਂ ਫਿਰ ਯਰੂਸ਼ਲਮ ਵਿੱਚ ਪੁਨਰਸਥਾਪਿਤ ਹੈਕਲ ਵਿੱਚ ਜਾਜਕਾਂ ਵੱਲੋਂ ਚੜ੍ਹਾਈਆਂ ਗਈਆਂ ਬਲੀਆਂ ਬਾਰੇ ਭੇਤ ਭਰਿਆ ਕੁਝ ਵੀ ਨਹੀਂ ਆਖਿਆ ਸੀ। ਇਹ ਸਿੱਖਿਆਵਾਂ ਪਵਿੱਤਰ ਸ਼ਾਸਤਰ ਵਿੱਚ ਨਹੀਂ ਹਨ। ਨਵੇਂ ਨੇਮ ਵਿੱਚ ਐਸਕੈਟੋਲੋਜੀ[3] ਦੋ ਭੂਮਿਕਾਵਾਂ ਨਿਭਾਉਂਦੀ ਹੈ। (1) ਅੰਤ ਸਮੇਂ ਵਿਚਲੀਆਂ ਘਟਨਾਵਾਂ ਸਾਨੂੰ ਇਹ ਤਸੱਲੀ ਦੇਣ ਲਈ ਦਿੱਤੀਆਂ ਗਈਆਂ ਹਨ ਕਿ ਪਰਮੇਸ਼ੁਰ ਖੁਦਮੁਖਤਿਆਰ ਹੈ। ਉਹ ਸੰਸਾਰ ਨੂੰ ਆਪਣੀ ਇੱਛਾ ਅਨੁਸਾਰ ਤਿਆਰ ਕੀਤੇ ਗਏ ਅੰਤ ਵੱਲ ਲੈ ਕੇ ਜਾ ਰਿਹਾ ਹੈ। (2) ਇਹ ਗਿਆਨ, ਕਿ ਮਨੁੱਖੀ ਸਮਾਂ ਮੁੱਕਣ ਜਾ ਰਿਹਾ ਹੈ, ਸਾਨੂੰ ਚੇਤੇ ਕਰਾਉਂਦਾ ਹੈ ਕਿ ਭਗਤੀਪੂਰਣ ਜੀਵਨ ਜੀਉਣਾ ਅੱਤ ਜ਼ਰੂਰੀ ਹੈ। ਪਤਰਸ

ਮਸੀਹੀਆਂ ਨੂੰ ਉਤਸ਼ਾਹਿਤ ਕਰਦਾ ਹੈ ਕਿ ਉਹ ਧਿਆਣ ਕਰਨ ਭਈ, "[ਉਨ੍ਹਾਂ ਨੂੰ] ਹਰ ਪਰਕਾਰ ਦੇ ਪਵਿੱਤਰ ਚਲਣ ਵਿੱਚ ਅਤੇ ਭਗਤੀ ਵਿੱਚ ਕੇਹੋ ਜਿਹੇ ਹੋਣਾ ਚਾਹੀਦਾ ਹੈ" (2 ਪਤਰਸ 3:11)।

## ਪੌਲੁਸ ਬਨਾਮ ਝਗੜਾਲੂ ਕੁਰਿੰਥੁਸਵਾਸੀ (4:6-13)

ਕੁਰਿੰਥੁਸ ਦੀ ਕਲੀਸਿਆ ਦੇ ਲਈ ਖਤਰਾ ਬਣ ਚੁੱਕੀ ਫੁੱਟ ਦਾ ਕਾਰਣ ਸਿਰਫ ਇੱਕ ਉਪਦੇਸ਼ਕ ਨਾਲੋਂ ਦੂਜੇ ਨੂੰ ਪਸੰਦ ਕੀਤੇ ਜਾਣਾ ਹੀ ਨਹੀਂ ਸੀ। ਇਹ ਵਿਸ਼ਵਾਸੀ ਇੱਕ ਦੂਜੇ ਨਾਲ ਜਿੱਦਪੁਣੇ ਨਾਲ ਕੀਤੇ ਜਾਣ ਵਾਲੇ ਮੁਕਾਬਲੇ ਵੀ ਕਰਦੇ ਸਨ। ਆਪਣੇ ਅਤੇ ਅਪੁੱਲੋਸ ਦੇ ਕੰਮ ਦਾ ਵੇਰਵਾ ਪੇਸ਼ ਕਰਦਿਆਂ ਪੌਲੁਸ ਲੱਛਣਾਂ ਦਾ ਇਲਾਜ ਦੱਸ ਰਿਹਾ ਸੀ, ਰੋਗ ਦਾ ਨਹੀਂ। ਉਨ੍ਹਾਂ ਦੀ ਫੁੱਟ ਇਸ ਗੱਲ ਦਾ ਪ੍ਰਮਾਣ ਸੀ ਕਿ ਉਨ੍ਹਾਂ ਦੇ ਅੰਦਰ ਮਸੀਹ ਦੇ ਆਤਮਾ ਦੀ ਭਰਪੂਰੀ ਨਹੀਂ ਸੀ। ਸਲੀਬ ਦਾ ਸੇਵਕਪੁਣਾ ਉਨ੍ਹਾਂ ਵਿੱਚੋਂ ਖਤਮ ਹੋ ਗਿਆ ਸੀ। ਕਲੀਸਿਆ ਉਨ੍ਹਾਂ ਦੇ ਲਈ ਤਰਸ ਭਰੇ ਪ੍ਰੇਮ ਨੂੰ ਪ੍ਰਦਰਸ਼ਿਤ ਕਰਨ ਦੇ ਥਾਂ ਦੀ ਬਜਾਇ ਮੁਕਾਬਲੇ ਭਰੇ ਅਧਿਕਾਰ ਦਾ ਥਾਂ ਬਣ ਗਈ ਸੀ। ਪੌਲੁਸ ਨੇ ਉਨ੍ਹਾਂ ਦੇ ਸਾਹਮਣੇ ਮਸੀਹ ਦਾ ਨਮੂਨਾ ਪੇਸ਼ ਕੀਤਾ ਸੀ, ਪਰ ਉਹ ਅਜੇ ਵੀ ਆਪਣੇ ਦੁਨਿਆਵੀ ਚਰਿੱਤਰ ਨੂੰ ਫੜੀ ਬੈਠੇ ਸਨ।

ਥੋੜ੍ਹੇ ਜਿਹੇ ਵਿਅੰਗ ਤੋਂ ਵਧ ਦੀ ਵਰਤੋਂ ਕਰਦਿਆਂ ਪੌਲੁਸ ਨੇ ਕੁਰਿੰਥੁਸ ਦੇ ਸੁਆਰਥੀ ਝਗੜਿਆਂ ਦੀ ਤੁਲਨਾ ਰਸੂਲਾਂ ਦੇ ਸਮਰਪਣ ਦੇ ਨਾਲ ਕਰਦਿਆਂ ਆਪਣੇ ਪਾਠਕਾਂ ਨੂੰ ਝਿੜਕਿਆ। ਭਾਈਆਂ ਨੇ ਮਸੀਹ ਨੂੰ ਨਾ ਸਿਰਫ ਰਸੂਲਾਂ ਦੇ ਸ਼ਬਦਾਂ ਰਾਹੀਂ ਜਾਣਿਆ ਸੀ, ਸਗੋਂ ਉਸ ਆਤਮ-ਬਲੀਦਾਨ ਅਤੇ ਸਮਰਪਣ ਦੇ ਰਾਹੀਂ ਵੀ ਜਿਸ ਨੂੰ ਮਸੀਹ ਨੇ ਉਨ੍ਹਾਂ ਦੇ ਵਿੱਚ ਪ੍ਰੇਰਿਆ ਸੀ। ਕਿਸੇ ਵੀ ਤਰ੍ਹਾਂ ਦੀ ਹਿਚਕਿਚਾਹਟ ਦੇ ਬਿਨਾ ਪੌਲੁਸ ਨੇ ਲਿਖਿਆ ਕਿ ਰਸੂਲੀ ਸੱਦੇ ਨੇ ਉਸ ਤੋਂ ਕੀ-ਕੀ ਮੰਗਾਂ ਕੀਤੀਆਂ ਸਨ। ਰਸੂਲ ਹੁੰਦਿਆਂ ਉਸ ਨੂੰ ਇਹ ਅਵਸਰ ਨਹੀਂ ਮਿਲੇ ਸਨ ਕਿ ਸੁਆਰੀਆਂ ਗੱਲਾਂ ਦੇ ਫਾਇਦਿਆਂ ਬਾਰੇ ਚਰਚਾ ਕਰੇ। ਉਸ ਦੇ ਹਿੱਸੇ ਵਿੱਚ ਤਾਂ ਨਿਰਬਲਤਾਈਆਂ, ਭੁੱਖ, ਠੰਡ, ਅਤੇ ਮੁਸੀਬਤਾਂ ਆਈਆਂ ਸਨ। ਕਲੀਸਿਆ ਨੂੰ ਹੰਕਾਰੀ ਝਗੜਿਆਂ ਅਤੇ ਉਪਦੇਸ਼ਕਾਂ ਵਿਚਾਲੇ ਕੀਤੀਆਂ ਜਾਣ ਵਾਲੀਆਂ ਵਿਅਰਥ ਤੁਲਨਾਵਾਂ ਤੋਂ ਬਾਹਰ ਨਿੱਕਲ ਕੇ ਮਸੀਹ ਦੇ ਉਨ੍ਹਾਂ ਵਿਚਾਲੇ ਹੋਣ ਦੇ ਠੋਸ ਪ੍ਰਮਾਣਾਂ ਵੱਲ ਵਧਣ ਦੀ ਲੋੜ ਸੀ।

**ਸਾਰੇ ਬਰਾਬਰ ਹਨ (4:6, 7)**

**6ਹੇ ਭਰਾਵੋ, ਮੈਂ ਏਹ ਗੱਲਾਂ ਤੁਹਾਡੇ ਨਮਿੱਤ ਆਪਣੇ ਅਤੇ ਅਪੁੱਲੋਸ ਦੇ ਉੱਤੇ ਨਮੂਨੇ ਦੇ ਤੌਰ ਤੇ ਲਾਈਆਂ ਭਈ ਤੁਸੀਂ ਸਾਡੇ ਕੋਲੋਂ ਇਹ ਸਿੱਖੋ ਕਿ ਜਿਹੜੀਆਂ ਗੱਲਾਂ ਲਿਖੀਆਂ ਹੋਈਆਂ ਹਨ ਉਨ੍ਹਾਂ ਤੋਂ ਪਰੇ ਨਾ ਵਧੋ ਕਿਤੇ ਇਉਂ ਨਾ ਹੋਵੇ ਜੋ ਤੁਸੀਂ ਇੱਕ ਦਾ ਪੱਖ ਕਰ ਕੇ ਦੂਏ ਦੇ ਵਿਰੁੱਧ ਫੁੱਲ ਜਾਓ। 7ਕਿਉਂ ਜੋ ਤੈਨੂੰ ਦੂਏ ਤੋਂ ਭਿੰਨ ਕੌਣ ਕਰਦਾ ਹੈ ਅਤੇ ਤੇਰੇ ਕੋਲ ਕੀ ਹੈ ਜੋ ਤੈਂ ਦੂਏ ਤੋਂ ਨਹੀਂ ਲਿਆ? ਪਰ ਜੇ ਤੈਂ ਲਿਆ ਵੀ ਦੂਏ ਤੋਂ ਤਾਂ ਅਭਮਾਨ ਕਾਹਨੂੰ ਕਰਦਾ ਹੈਂ ਭਈ ਜਾਣੀਦਾ ਲਿਆ ਹੀ ਨਹੀਂ?**

**ਆਇਤ 6. ਏਹ ਗੱਲਾਂ** ਜਿਹੜੀਆਂ ਪੌਲੁਸ ਨੇ ਆਪਣੇ ਅਤੇ ਅਪੁੱਲੋਸ ਦੇ ਵੱਲੋਂ **ਨਮੂਨੇ ਦੇ ਤੌਰ ਤੇ ਲਾਈਆਂ** ਸਨ, ਸੰਭਵ ਤੌਰ 'ਤੇ ਰਾਜਮਿਸਤਰੀ ਅਤੇ ਕਿਸਾਨ ਦੇ ਉਹ ਰੂਪਕ ਸਨ ਜਿਨ੍ਹਾਂ ਬਾਰੇ ਉਸ ਨੇ 3:6-11 ਵਿੱਚ ਗੱਲ ਕੀਤੀ ਸੀ। ਪਰ ਇਨ੍ਹਾਂ ਰੂਪਕਾਂ ਦੀ

ਪ੍ਰਾਸੰਗਿਕਤਾ ਵਿੱਚ ਉਹ ਚਰਚਾ ਵੀ ਸ਼ਾਮਲ ਹੈ ਜਿਹੜੀ 1:10 ਵਿੱਚ ਅਰੰਭ ਹੋਈ ਸੀ। ਭਵਨ ਨਿਰਮਾਣ ਅਤੇ ਖੇਤੀਬਾੜੀ ਵਿੱਚੋਂ ਲਏ ਗਏ ਇਨ੍ਹਾਂ ਉਦਾਹਰਣਾਂ ਨੇ ਇਨ੍ਹਾਂ ਉਪਦੇਸ਼ਕਾਂ ਵਿਚਾਲੇ ਆਪਸ ਵਿੱਚ ਅਤੇ ਪੱਤਰ ਨੂੰ ਪ੍ਰਾਪਤ ਕਰਨ ਵਾਲੇ ਪਾਠਕਾਂ ਅਤੇ ਉਨ੍ਹਾਂ ਵਿਚਕਾਰ ਸੰਬੰਧ ਨੂੰ ਪਰਗਟ ਕੀਤਾ ਸੀ (3:4-11)। ਰਸੂਲ ਪੌਲੁਸ ਦਾ ਉਦੇਸ਼ ਇਹ ਸੀ ਕਿ ਉਹ ਇਨ੍ਹਾਂ ਆਗੂਆਂ ਦੇ ਸੇਵਕ ਹਿਰਦੇ ਦੀ ਤੁਲਨਾ ਕੁਰਿੰਥੁਸ ਵਿਚਲੇ ਕੁਝ ਲੋਕਾਂ ਦੇ ਮੁਕਾਬਲੇ ਭਰੇ ਵਿਹਾਰ ਨਾਲ ਕਰੇ।

"ਨਮੂਨੇ ਦੇ ਤੌਰ 'ਤੇ" ਸ਼ਬਦਾਂ ਦਾ ਅਨੁਵਾਦ ਯੂਨਾਨੀ ਦੇ ਸ਼ਬਦ μετασχηματίζω (*ਮੇਟਾਸਕੇਮਾਟਿਜ਼ੋ*) ਤੋਂ ਕੀਤਾ ਗਿਆ ਹੈ। ਫ੍ਰੇਡਰਿਕ ਵਿਲਿਅਮ ਡੈਂਕਰ ਨੇ ਪੌਲੁਸ ਦੀ ਇਸ ਗੱਲ ਨੂੰ ਆਪਣਿਆਂ ਸ਼ਬਦਾਂ ਵਿੱਚ ਇਸ ਤਰ੍ਹਾਂ ਲਿਖਿਆ: "ਮੈਂ ਇਹ ਸਿੱਖਿਆ ਅਪੁੱਲੋਸ ਅਤੇ ਆਪਣੇ ਜੀਵਨ ਦੀ ਵਿਆਖਿਆ ਵਜੋਂ ਦਿੱਤੀ ਹੈ।"[4] ਪੌਲੁਸ ਦੇ ਇਸ ਰੂਪਕ ਵਿੱਚ ਉਸ ਨੇ ਆਪਣੇ ਪਾਠਕਾਂ ਅੱਗੇ ਬੇਨਤੀ ਕੀਤੀ ਹੈ ਕਿ ਉਹ ਆਪਣੇ ਉਪਦੇਸ਼ਕਾਂ ਦੀ ਸਿੱਖਿਆ ਨੂੰ ਆਪਣੇ ਅੰਦਰ ਵਸਾਉਣ। ਪੌਲੁਸ ਅਤੇ ਅਪੁੱਲੋਸ ਦੇ ਨਾਲ ਇਹ ਇੱਕ ਨਾਇਨਸਾਫੀ ਸੀ ਕਿ ਉਨ੍ਹਾਂ ਦੇ ਨਾਮ ਦੀ ਵਰਤੋਂ ਪ੍ਰਭੂ ਦੀ ਦੇਹੀ ਵਿੱਚ ਫੁੱਟ ਪਾਉਣ ਵਾਲੇ ਮੁਕਾਬਲਿਆਂ ਲਈ ਕੀਤੀ ਜਾਵੇ।

ਪੌਲੁਸ ਦੀ ਤੁਲਨਾ ਦਾ ਵਿਸ਼ਾ ਪੌਲੁਸ ਅਤੇ ਅਪੁੱਲੋਸ ਸਨ; ਉਸ ਨੇ ਕੇਫਾ (ਪਤਰਸ) ਦਾ ਜ਼ਿਕਰ ਨਹੀਂ ਕੀਤਾ। ਅਧਿਆਇ 1 ਤੋਂ ਲੈ ਕੇ 4 ਤੱਕ "ਕੇਫਾ" ਸਿਰਫ ਦੋ ਵਾਰੀ ਇਸਤੇਮਾਲ ਹੋਇਆ ਹੈ (1:12; 3:22), ਜਦਕਿ "ਅਪੁੱਲੋਸ" ਛੇ ਵਾਰੀ ਇਸਤੇਮਾਲ ਹੋਇਆ ਹੈ (1:12; 3:4, 5, 6, 22; 4:6)। ਇਸਤੇਮਾਲ ਦੀ ਗਿਣਤੀ ਨਾਲੋਂ ਵਧੇਰੇ ਮਹੱਤਵਪੂਰਣ ਇਹ ਸੀ ਕਿ ਜਿਹੜੀਆਂ ਗੱਲਾਂ ਪੌਲੁਸ ਨੇ "[ਉਨ੍ਹਾਂ ਦੇ] ਨਮਿੱਤ [ਉਸ ਦੇ] ਆਪਣੇ ਅਤੇ ਅਪੁੱਲੋਸ ਦੇ ਉੱਤੇ ਨਮੂਨੇ ਦੇ ਤੌਰ ਤੇ ਲਾਈਆਂ" ਸਨ, ਉਨ੍ਹਾਂ ਦਾ ਪੂਰਾ ਸੰਬੰਧ ਅਪੁੱਲੋਸ ਨਾਲ ਸੀ ਅਤੇ ਕੇਫਾ ਨਾਲ ਕੁਝ ਵੀ ਨਹੀਂ ਸੀ। ਅਜਿਹਾ ਸਪੱਸ਼ਟ ਜਾਪਦਾ ਹੈ ਕਿ ਪੌਲੁਸ ਨੇ ਕੇਫਾ ਦਾ ਨਾਮ ਸਿਰਫ ਅਨੁਮਾਨਤ ਉਦੇਸ਼ ਲਈ ਇਸਤੇਮਾਲ ਕੀਤਾ ਸੀ। ਜਿਨ੍ਹਾਂ ਨੇ ਦਲਬੰਦੀ ਕੀਤੀ ਸੀ ਅਤੇ ਪੌਲੁਸ ਜਾਂ ਅਪੁੱਲੋਸ ਨੂੰ ਉਨ੍ਹਾਂ ਦਲਾਂ ਦੇ ਨਾਇਕ ਧਾਰ ਲਿਆ ਸੀ, ਸੰਭਵ ਹੈ ਕਿ ਉਨ੍ਹਾਂ ਨੇ ਕੇਫਾ ਜਾਂ ਮਸੀਹ ਦੇ ਨਾਮ ਤੋਂ ਵੀ ਕੋਈ ਦਲ ਬਣਾਇਆ ਹੋਵੇ। ਅਜਿਹੀ ਵੰਡ ਨੂੰ ਜ਼ਰਾ ਵੀ ਸਵੀਕਾਰ ਨਹੀਂ ਕੀਤਾ ਜਾ ਸਕਦਾ ਸੀ। ਪੌਲੁਸ ਦੁਆਰਾ "ਕੇਫਾ" ਨਾਮ ਦੀ ਵਰਤੋਂ ਇਸ ਗੱਲ ਦਾ ਕੋਈ ਪ੍ਰਮਾਣ ਪੇਸ਼ ਨਹੀਂ ਕਰਦੀ ਕਿ ਉਹ ਕੁਰਿੰਥੁਸ ਵਿੱਚ ਰਿਹਾ ਸੀ।

ਆਇਤ 6 ਦਾ ਬਾਕੀ ਹਿੱਸਾ ਅਸਪੱਸ਼ਟ ਹੈ। ਯੂਨਾਨੀ ਦਾ ਸ਼ਾਬਦਿਕ ਅਨੁਵਾਦ ਇਸ ਤਰ੍ਹਾਂ ਹੋਵੇਗਾ: ". . . ਤਾਂ ਜੋ ਤੁਸੀਂ ਸਾਡੇ ਕੋਲੋਂ ਸਿੱਖੋ ਪਰ ਲਿਖੀਆਂ ਹੋਈਆਂ ਗੱਲਾਂ ਤੋਂ ਪਰੇ ਨਹੀਂ।" ਅਨੁਵਾਦਕਾਂ ਨੇ "ਪਰੇ ਵਧਣਾ" ਜਾਂ "ਪਾਰ ਜਾਣਾ" ਇਸ ਕਰਕੇ ਜੋੜੇ ਹਨ ਤਾਂ ਜੋ ਉਸ ਅਰਥ ਨੂੰ ਪੇਸ਼ ਕਰ ਸਕਣ ਜਿਹੜਾ ਉਨ੍ਹਾਂ ਨੇ ਇਸ ਵਾਕ ਤੋਂ ਸਮਝਿਆ ਸੀ। ਜਿਹੜਾ ਸ਼ਬਦ τό (*to*, "the") **ਜਿਹੜੀਆਂ ਗੱਲਾਂ ਲਿਖੀਆਂ ਹੋਈਆਂ ਹਨ ਉਨ੍ਹਾਂ ਤੋਂ ਪਰੇ ਨਾ ਵਧੋ** (τὸ Μὴ ὑπὲρ ἃ γέγραπται, *ਟੋ ਮੇ ਹੁਪੇਰ ਹਾ ਗੇਗ੍ਰਾਪਟਾਏ*) ਤੋਂ ਪਹਿਲਾਂ ਲੱਗਾ ਹੋਇਆ ਹੈ, ਸੁਝਾਉ ਦਿੰਦਾ ਹੈ ਕਿ ਇਹ ਵਾਕ ਇੱਕ ਅਖਾਣ ਬਣ ਗਿਆ ਸੀ ਜਿਸ ਦੀ ਵਰਤੋਂ ਮੰਡਲੀ ਦੇ ਕੁਝ ਲੋਕ ਕਰਦੇ ਸਨ। ਸ਼ਾਇਦ ਪੌਲੁਸ ਨੇ ਇਸ ਵਾਕ ਨੂੰ ਕਲੀਸਿਆ ਦੇ ਲਈ ਔਖਿਆਂ ਸਮਿਆਂ ਵੇਲੇ ਇੱਕ ਮਾਰਗ ਦਰਸ਼ਕ ਸਿਧਾਂਤ ਵਜੋਂ ਠਹਿਰਾ ਦਿੱਤਾ। NRSV ਨੇ ਇਸ ਨੂੰ ਇਸ ਤਰ੍ਹਾਂ ਲਿਖਿਆ ਹੈ, ". . . ਤਾਂ ਜੋ ਤੁਸੀਂ ਇਸ ਅਖਾਣ ਦਾ ਅਰਥ ਸਾਡੇ ਦੁਆਰਾ

ਸਿੱਖੋ, 'ਲਿਖੀਆਂ ਹੋਈਆਂ ਗੱਲਾਂ ਤੋਂ ਪਰੇ ਕੁਝ ਵੀ ਨਹੀਂ।'"

ਜਦ ਪੌਲੁਸ ਨੇ "ਜਿਹੜੀਆਂ ਗੱਲਾਂ ਲਿਖੀਆਂ ਹੋਈਆਂ ਹਨ" ਆਖਿਆ ਤਾਂ ਉਸ ਦਾ ਸੰਕੇਤ ਕਿਸ ਵੱਲ ਸੀ? ਕੀ ਉਸ ਦਾ ਸੰਕੇਤ ਪੁਰਾਣੇ ਨੇਮ ਵੱਲ ਸੀ? ਕੀ ਉਸ ਨੇ ਉਨ੍ਹਾਂ ਦੇ ਲਈ ਕੁਝ ਲਿਖਤ ਨਿਰਦੇਸ਼ ਦਿੱਤੇ ਹੋਏ ਸਨ? ਕੀ ਰਸੂਲ ਨੇ ਯਿਸੂ ਦੁਆਰਾ ਬੋਲੇ ਗਏ ਸ਼ਬਦਾਂ ਦੀ ਕੋਈ ਸੂਚੀ ਤਿਆਰ ਕੀਤੀ ਹੋਈ ਸੀ? ਸ਼ਾਇਦ ਅੱਜ ਦੇ ਪਾਠਕ ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਨਿਸ਼ਚਿਤ ਤੌਰ 'ਤੇ ਨਾ ਦੇ ਸਕਣ, ਪਰ ਇਹ ਸਪੱਸ਼ਟ ਹੈ ਕਿ "ਜਿਹੜੀਆਂ ਗੱਲਾਂ ਲਿਖੀਆਂ ਹੋਈਆਂ ਹਨ" ਇਸ ਗੱਲ ਦੀ ਪੁਸ਼ਟੀ ਕਰਦੀਆਂ ਹਨ ਕਿ ਉਪਦੇਸ਼ਕਾਂ ਨੂੰ ਮਸੀਹ ਦੇ ਸੇਵਕ ਅਤੇ ਮੁਖਤਿਆਰ ਹੋਣਾ ਸੀ। ਉਹ ਇਖਤਿਆਰ ਦੇ ਸੁਤੰਤਰ ਸੋਮੇ ਨਹੀਂ ਸਨ ਜਾਂ ਸੁਆਰੇ ਸ਼ਬਦਾਂ ਦੇ ਨਮੂਨੇ ਨਹੀਂ ਸਨ ਜਾਂ ਵੰਨ-ਸੁਵੰਨੀ ਫਿਲਾਸਫੀਆਂ ਦੇ ਕਰਤਾ ਨਹੀਂ ਸਨ, ਅਤੇ ਦਲਬੰਦੀ ਦਾ ਕੇਂਦਰ ਉਹ ਨਹੀਂ ਹੋਣੇ ਚਾਹੀਦੇ ਸਨ।

ਸੰਦਰਭ ਸਾਨੂੰ ਸਭ ਤੋਂ ਵਧੀਆ ਸੰਕੇਤ ਪੇਸ਼ ਕਰਦਾ ਹੈ ਕਿ ਪੌਲੁਸ ਦੁਆਰਾ "ਜਿਹੜੀਆਂ ਗੱਲਾਂ ਲਿਖੀਆਂ ਹੋਈਆਂ ਹਨ" ਕਹਿਣ ਤੋਂ ਭਾਵ ਕੀ ਸੀ। 3:19, 20 ਵਿੱਚ ਉਸ ਨੇ ਪੁਰਾਣੇ ਨੇਮ ਦੀਆਂ ਦੋ ਆਇਤਾਂ ਦਾ ਹਵਾਲਾ ਦੇਣਾ ਅਰੰਭ ਕੀਤਾ (ਅੱਯੂਬ 5:13; ਜ਼ਬੂਰ 94:11) ਅਤੇ ਆਖਿਆ, "ਇਹ ਲਿਖਿਆ ਹੈ . . ." ਇਹ ਦੋਵੇਂ ਆਇਤਾਂ ਪਰਮੇਸ਼ੁਰ ਦੀ ਬੁੱਧ ਨੂੰ ਮਨੁੱਖੀ ਅੰਦਾਜ਼ਿਆਂ ਤੋਂ ਉਚੇਰਾ ਰੱਖਦੀਆਂ ਹਨ। ਕੁਰਿੰਥੁਸ ਦੇ ਵਿਸ਼ਵਾਸੀ **ਇੱਕ ਦਾ ਪੱਖ ਕਰ ਕੇ ਦੂਏ ਦੇ ਵਿਰੁੱਧ ਫੁੱਲ ਜਾਣ** ਦੁਆਰਾ ਲਿਖੇ ਹੋਏ ਤੋਂ ਅਗਾਂਹ ਵਧ ਗਏ ਸਨ। ਰਸੂਲ ਪੌਲੁਸ ਉਨ੍ਹਾਂ ਨੂੰ ਬੇਨਤੀ ਕਰ ਰਿਹਾ ਸੀ ਕਿ ਉਹ ਪਰਮੇਸ਼ੁਰ ਵੱਲੋਂ ਦਿੱਤੀ ਗਈ ਬੁੱਧ ਦਾ ਆਸਰਾ ਲੈਣ। ਉਸ ਬੁੱਧ ਨੂੰ ਪੁਰਾਣੇ ਨੇਮ ਦੇ ਵਚਨਾਂ ਵਿੱਚ ਅਤੇ ਮਸੀਹ ਦੁਆਰਾ ਆਪਣੇ ਪ੍ਰੇਰਿਤ ਉਪਦੇਸ਼ਕਾਂ ਦੁਆਰਾ ਉਨ੍ਹਾਂ ਕੋਲ ਪੁਚਾਏ ਗਏ ਪਰਕਾਸ਼ ਵਿੱਚ ਵੇਖਿਆ ਜਾ ਸਕਦਾ ਹੈ। ਇਨ੍ਹਾਂ ਸਿੱਖਿਆਵਾਂ ਤੋਂ ਅਗਾਂਹ ਵਧ ਜਾਣਾ ਉਨ੍ਹਾਂ ਦੇ ਲਈ ਬਹੁਤ ਖਤਰਨਾਕ ਸੀ।

**ਆਇਤ 7.** ਪੌਲੁਸ ਕੁਰਿੰਥੁਸ ਦੇ ਵਿਸ਼ਵਾਸੀਆਂ ਨੂੰ ਸਿਰਫ ਇਸ ਗੱਲ ਵਿੱਚ ਹੀ ਗਲਤ ਨਹੀਂ ਆਖਦਾ ਕਿ ਉਨ੍ਹਾਂ ਨੇ ਉਸ ਵਿੱਚ, ਅਪੁੱਲੋਸ ਵਿੱਚ ਅਤੇ ਹੋਰਨਾਂ ਪ੍ਰਚਾਰਕਾਂ ਵਿੱਚ ਵੰਡ ਕਰਨ ਦਾ ਜਤਨ ਕੀਤਾ ਸੀ, ਸਗੋਂ ਇਸ ਵਿੱਚ ਵੀ ਕਿ ਉਹ ਨਿਆਂਈ ਬਣ ਬੈਠੇ ਸਨ। 4:7 ਵਿੱਚ ਪੌਲੁਸ ਨੇ ਪੁੱਛਿਆ, "ਕੌਣ?"; "ਕੀ?"; "ਕਿਉਂ?" ਪਹਿਲਾ ਪ੍ਰਸ਼ਨ, **ਕਿਉਂ ਜੋ ਤੈਨੂੰ ਦੂਏ ਤੋਂ ਭਿੰਨ ਕੌਣ ਕਰਦਾ ਹੈ?** ਔਖਾ ਹੈ। ਕੀ ਪੌਲੁਸ ਉਨ੍ਹਾਂ ਦੁਆਰਾ ਇੱਕ ਦੂਜੇ ਦਾ ਨਿਆਉਂ ਕਰਨ ਬਾਰੇ ਗੱਲ ਕਰ ਰਿਹਾ ਸੀ? ਕੀ ਇਹ ਪ੍ਰਸ਼ਨ ਉਨ੍ਹਾਂ ਦੇ ਲਈ ਇੱਕ ਝਿੜਕ ਸੀ ਕਿ, "ਕੀ ਤੁਹਾਡੇ ਵਿੱਚ ਕੋਈ ਐਨਾ ਦਿਲੇਰ ਹੈ ਕਿ ਤੁਹਾਨੂੰ ਕਿਸੇ ਹੋਰ ਨਾਲੋਂ ਬਿਹਤਰ ਠਹਿਰਾਵੇ?" ਜ਼ਿਆਦਾਤਰ ਅਨੁਵਾਦਕ ਇਸ ਨੂੰ ਇਸੇ ਤਰ੍ਹਾਂ ਸਮਝਦੇ ਹਨ, ਅਤੇ ਇਸ ਨੂੰ ਇਸ ਕ੍ਰਮ ਵਿੱਚ ਮੰਨਦੇ ਹਨ "ਕਿਉਂ ਜੋ ਤੈਨੂੰ ਕਿਸੇ ਹੋਰ ਤੋਂ ਭਿੰਨ ਕੌਣ ਕਰਦਾ ਹੈ?" (NIV) ਜਾਂ "ਤੈਨੂੰ ਭਿੰਨ ਕੌਣ ਠਹਿਰਾਉਂਦਾ ਹੈ?" (NAB)। ਅਜਿਹੀ ਵਿਆਖਿਆ ਨਾਲ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਇੱਥੇ ਇਸਤੇਮਾਲ ਹੋਏ ਪੜਨਾਂਵ ਨੂੰ ਬਹੁਵਚਨ ਵਿੱਚ ਹੋਣ ਦੀ ਉਮੀਦ ਕੀਤੀ ਜਾ ਸਕਦੀ ਹੈ, ਜਦਕਿ ਯੂਨਾਨੀ ਵਿੱਚ ਪੜਨਾਂਵ "ਤੈਨੂੰ" (σε, *ਸੇ*) ਇੱਕਵਚਨ ਵਿੱਚ ਹੈ।

ਦੂਜੇ ਪਾਸੇ ਇਸ ਪ੍ਰਸ਼ਨ ਨੂੰ ਵਧੇਰੇ ਸਕਾਰਾਤਮਕ ਵੀ ਲਿਆ ਜਾ ਸਕਦਾ ਹੈ: "ਤੇਰੇ ਵਿੱਚ ਭਿੰਨਤਾ ਕੌਣ ਕਰ ਰਿਹਾ ਹੈ?" ਇਸ ਦਾ ਸਪੱਸ਼ਟ ਉੱਤਰ ਹੈ "ਕੋਈ ਨਹੀਂ! ਕੋਈ ਵੀ ਇਸ ਉਚੇਰੀ ਪਦਵੀ ਉੱਤੇ ਨਹੀਂ ਹੈ ਕਿ ਉਹ ਨਿਆਂਈ ਬਣ ਸਕੇ।" ਜੇਕਰ ਇਸ ਦਾ ਅਰਥ ਇਹ

ਹੈ, ਤਾਂ ਇੱਥੇ ਪੜਨਾਂਵ ਬਹੁਵਚਨ ਹੋਣਾ ਚਾਹੀਦਾ ਹੈ ਅਤੇ ਪ੍ਰਸ਼ਨ ਵਿੱਚ ਸ਼ਾਇਦ ਇੱਕ μή (*ਮੇ,* "ਕਿਤੇ ਨਾ" ਜਾਂ "ਮਤੇ") ਹੋਣਾ ਚਾਹੀਦਾ ਸੀ, ਜਿਸ ਦਾ ਉੱਤਰ ਨਕਾਰਾਤਮਕ ਨਿਕਲੇਗਾ। ਗੋਰਡਨ ਡੀ. ਫੀ ਮੰਨਦੇ ਸਨ ਕਿ ਕੁਰਿੰਥੁਸ ਦੇ ਵਿਸ਼ਵਾਸੀਆਂ ਨਾਲ ਪੌਲੁਸ ਦੀ ਮੁੱਢਲੀ ਸਮੱਸਿਆ ਉਸ ਦੇ ਰਸੂਲੀ ਇਖਤਿਆਰ ਦੀ ਨਿਖੇਧੀ ਸੀ। ਇਸੇ ਤਰ੍ਹਾਂ ਫੀ ਨੇ ਤਰਕ ਪੇਸ਼ ਕੀਤਾ ਕਿ ਇਸ ਪ੍ਰਸ਼ਨ ਦਾ ਅਨੁਵਾਦ ਇਸ ਤਰ੍ਹਾਂ ਕੀਤਾ ਜਾਣਾ ਚਾਹੀਦਾ ਹੈ, "ਤੁਹਾਨੂੰ ਕੀ ਲੱਗਦਾ ਹੈ ਕਿ ਤੁਸੀਂ ਕੌਣ ਹੋ ਭਈ ਆਪਣੇ ਆਪ ਨੂੰ ਕਿਸੇ ਹੋਰ ਦੇ ਸੇਵਕ ਦੇ ਨਿਆਂਈ ਦੀ ਪਦਵੀ ਵਿੱਚ ਰੱਖੋ?"[5] ਬਾਕੀ ਦਾ ਪ੍ਰਸ਼ਨ ਇਸ ਵਿਆਖਿਆ ਦਾ ਸਮਰਥਨ ਕਰਦਾ ਪ੍ਰਤੀਤ ਹੁੰਦਾ ਹੈ, ਪਰ ਫੀ ਨੇ ਇੱਕਵਚਨ ਪੜਨਾਂਵ ਦੀ ਵਰਤੋਂ ਦਾ ਸਮਾਧਾਨ ਨਹੀਂ ਕੀਤਾ ਹੈ। ਸ਼ਾਇਦ ਕੁਰਿੰਥੁਸ ਦਾ ਕੋਈ ਵਿਅਕਤੀ, ਜਿਸ ਦਾ ਨਾਮ ਇੱਥੇ ਨਹੀਂ ਲਿਖਿਆ ਗਿਆ ਹੈ, ਇਨ੍ਹਾਂ ਵੰਡਾਂ ਦਾ ਮੋਢੀ ਸੀ। ਸ਼ਾਇਦ ਇਹ ਇੱਕਵਚਨ ਪੜਨਾਂਵ "ਤੈਨੂੰ" ਦੀ ਵਰਤੋਂ ਦਾ ਉੱਤਰ ਦਿੰਦਾ ਹੈ।

ਪ੍ਰਸ਼ਨ ਦੀ ਪ੍ਰਕਿਰਤੀ ਭਾਵੇਂ ਕੁਝ ਵੀ ਹੋਵੇ, ਤਾਂ ਵੀ ਇੱਕੋ ਉੱਤਰ ਦੀ ਉਮੀਦ ਕੀਤੀ ਜਾ ਸਕਦੀ ਹੈ: ਪਰਮੇਸ਼ੁਰ ਦੇ ਸਾਹਮਣੇ ਸਾਰੇ ਮਨੁੱਖ ਇੱਕ ਬਰਾਬਰ ਹਨ। ਸਾਰੇ ਮਨੁੱਖ ਪਰਮੇਸ਼ੁਰ ਦਿਆਂ ਭੰਡਾਰਾਂ ਵਿੱਚੋਂ ਪ੍ਰਾਪਤ ਕਰਦੇ ਹਨ। ਇਸ ਮੰਡਲੀ ਨੂੰ ਪੌਲੁਸ, ਅਪੁੱਲੋਸ, ਅਤੇ ਸ਼ਾਇਦ ਹੋਰਨਾਂ ਉਪਦੇਸ਼ਕਾਂ ਦੀ ਸਿੱਖਿਆ ਤੋਂ ਅਸੀਸਾਂ ਮਿਲੀਆਂ ਸਨ। ਕਿਸੇ ਕੋਲ ਵੀ ਇਹ ਇਖਤਿਆਰ ਨਹੀਂ ਸੀ ਕਿ ਉਹ ਆਪਣੇ ਆਪ ਨੂੰ ਨਿਆਂਈ ਠਹਿਰਾਵੇ। ਦਲਬੰਦੀ ਦਾ ਸੁਭਾਉ ਅਤੇ ਹੋਰਨਾਂ ਗੱਲਾਂ ਦੇ ਨਾਲ-ਨਾਲ ਉਚੇਰਾ ਪੱਧਰ ਪ੍ਰਾਪਤ ਕਰਨ ਲਈ ਇੱਕ ਦੂਜੇ ਦੇ ਨਾਲ ਮੁਕਾਬਲੇਬਾਜ਼ੀ ਨੇ ਦਰਸਾਇਆ ਕਿ ਉਨ੍ਹਾਂ ਅੰਦਰ ਸ਼ੁਕਰਗੁਜ਼ਾਰੀ ਦੀ ਬਹੁਤ ਵਧੇਰੇ ਘਾਟ ਸੀ।

### ਉਚੇਰਾ ਪੱਧਰ ਟੀਚਾ ਨਹੀਂ ਹੈ (4:8-13)

**[8]ਤੁਸੀਂ ਤਾਂ ਹੁਣੇ ਹੀ ਰੱਜੇ ਹੋਏ ਹੋ! ਤੁਸੀਂ ਤਾਂ ਹੁਣੇ ਹੀ ਧਨੀ ਹੋ ਗਏ! ਤੁਸੀਂ ਸਾਥੋਂ ਬਿਨਾ ਰਾਜ ਕਰਨ ਲੱਗ ਪਏ ਅਤੇ ਕਾਸ਼ ਕਿ ਤੁਸੀਂ ਰਾਜ ਕਰਦੇ ਤਾਂ ਜੋ ਅਸੀਂ ਵੀ ਤੁਹਾਡੇ ਨਾਲ ਰਲ ਕੇ ਰਾਜ ਕਰਦੇ! [9]ਮੈਂ ਤਾਂ ਸਮਝਦਾ ਹਾਂ ਭਈ ਪਰਮੇਸ਼ੁਰ ਨੇ ਅਸਾਂ ਰਸੂਲਾਂ ਨੂੰ ਸਭਨਾਂ ਤੋਂ ਛੇਕੜਲੇ ਕਰ ਕੇ ਕਤਲ ਹੋਣ ਵਾਲਿਆਂ ਵਰਗੇ ਪਰਗਟ ਕੀਤਾ ਕਿਉਂ ਜੋ ਅਸੀਂ ਜਗਤ ਅਤੇ ਦੂਤਾਂ ਅਤੇ ਮਨੁੱਖਾਂ ਦੇ ਲਈ ਇੱਕ ਤਮਾਸ਼ਾ ਬਣੇ ਹੋਏ ਹਾਂ। [10]ਅਸੀਂ ਮਸੀਹ ਦੇ ਨਮਿੱਤ ਮੂਰਖ ਹਾਂ ਪਰ ਤੁਸੀਂ ਮਸੀਹ ਵਿੱਚ ਸਿਆਣੇ ਹੋ। ਅਸੀਂ ਨਿਰਬਲ ਹਾਂ ਪਰ ਤੁਸੀਂ ਬਲਵੰਤ ਹੋ। ਤੁਸੀਂ ਪਰਤਾਪ ਵਾਲੇ ਹੋ ਪਰ ਅਸੀਂ ਬੇਪਤ ਹਾਂ। [11]ਇਸ ਘੜੀ ਤੀਕ ਅਸੀਂ ਭੁੱਖੇ, ਤਿਹਾਏ, ਨੰਗੇ ਹਾਂ ਅਤੇ ਮੁੱਕੇ ਖਾਂਦੇ ਅਤੇ ਬੇ ਟਿਕਾਣਾ ਫਿਰਦੇ ਹਾਂ। [12]ਅਤੇ ਆਪਣੇ ਹੱਥਾਂ ਨਾਲ ਕੰਮ ਧੰਧੇ ਕਰ ਕੇ ਮਿਹਨਤ ਕਰਦੇ ਹਾਂ। ਅਸੀਂ ਗਾਲੀਆਂ ਖਾ ਕੇ ਅਸੀਸ ਦਿੰਦੇ ਹਾਂ। ਜਾਂ ਸਾਨੂੰ ਸਤਾਉਂਦੇ ਹਨ ਤਾਂ ਅਸੀਂ ਸਹਿੰਦੇ ਹਾਂ। [13]ਜਾਂ ਸਾਡੀ ਨਿੰਦਿਆ ਕਰਦੇ ਹਨ ਤਾਂ ਅਸੀਂ ਬੇਨਤੀ ਕਰਦੇ ਹਾਂ। ਅਸੀਂ ਹੁਣ ਤੀਕਰ ਜਗਤ ਦੇ ਕੂੜੇ ਵਰਗੇ ਅਤੇ ਸਭਨਾਂ ਵਸਤਾਂ ਦੇ ਝਾੜਨ ਬਣੇ ਹੋਏ ਹਾਂ।**

**ਆਇਤ 8.** ਪੌਲੁਸ ਦੇ ਇਨ੍ਹਾਂ ਸ਼ਬਦਾਂ ਨੂੰ "ਵਿਅੰਗ" ਆਖਣਾ ਬੜੀ ਹੌਲੀ ਗੱਲ ਹੋਵੇਗੀ: **ਤੁਸੀਂ ਤਾਂ ਹੁਣੇ ਹੀ ਰੱਜੇ ਹੋਏ ਹੋ! ਤੁਸੀਂ ਤਾਂ ਹੁਣੇ ਹੀ ਧਨੀ ਹੋ ਗਏ!** "ਮਿਹਣਾ" ਸ਼ਾਇਦ ਸਹੀ

ਸ਼ਬਦ ਹੋਵੇਗਾ। ਪੌਲੁਸ ਉਸ ਭਾਵਨਾ ਨੂੰ ਬਿਆਨ ਕਰ ਰਿਹਾ ਸੀ ਜਿਸ ਨੂੰ ਉਸ ਨੇ ਕੁਰਿੰਥੁਸ ਦੇ ਵਿਸ਼ਵਾਸੀਆਂ ਵਿੱਚ ਵੇਖਿਆ ਸੀ। ਵਿਆਖਿਆਕਾਰਾਂ ਨੇ ਇਨ੍ਹਾਂ ਸ਼ਬਦਾਂ ਵਿੱਚ ਕਈ ਤਰ੍ਹਾਂ ਦੇ ਮਤਭੇਦ ਵੇਖੇ ਹਨ। ਸ਼ਾਇਦ ਕੁਝ ਭਾਈ ਇਹ ਮੰਨ ਬੈਠੇ ਸਨ ਕਿ ਯੁੱਗ ਦਾ ਅੰਤ ਹੋ ਚੁੱਕਾ ਹੈ, ਅਤੇ ਇਸ ਵੇਲੇ ਉਹ ਆਤਮਾ ਦੇ ਯੁੱਗ ਵਿੱਚ ਜੀ ਰਹੇ ਸਨ। ਜੇਕਰ ਅਜਿਹਾ ਹੈ ਤਾਂ ਉਨ੍ਹਾਂ ਦਾ ਇਹ ਦ੍ਰਿਸ਼ਟੀਕੋਣ ਪੌਲੁਸ ਦੇ ਇਖਤਿਆਰ ਲਈ ਇੱਕ ਚੁਣੌਤੀ ਬਣ ਗਿਆ ਸੀ। ਕੁਰਿੰਥੁਸ ਵਿੱਚ ਅਜਿਹੇ ਮਤਭੇਦ ਤੋਂ ਥੋੜ੍ਹਾ ਸਾਫ ਹੁੰਦਾ ਹੈ ਕਿ ਪੌਲੁਸ ਨੂੰ ਇਸ ਪੱਤਰ ਵਿੱਚ ਕਿਹੋ ਜਿਹੀਆਂ ਸਮੱਸਿਆਵਾਂ ਨਾਲ ਨਜਿੱਠਣਾ ਪਿਆ ਸੀ।[6]

ਪੌਲੁਸ ਦਾ ਇਹ ਵਾਕ ਬਹੁਤ ਕਠੋਰ ਜਾਪਦਾ ਹੈ। ਉਸ ਨੇ ਆਖਿਆ, **ਤੁਸੀਂ ਸਾਥੋਂ ਬਿਨਾ ਰਾਜ ਕਰਨ ਲੱਗ ਪਏ।** ਅਜਿਹੇ ਵਿਚਾਰ ਦਰਸਾਉਂਦੇ ਹਨ ਕਿ ਉਹ ਮੂਰਖ ਸਨ। ਜੇਕਰ ਉਨ੍ਹਾਂ ਨੂੰ ਸੱਚਾਈ ਅਤੇ ਭਗਤੀ ਆਤਮਾ ਦੇ ਸਿੱਧੇ ਨਿੱਜੀ ਪਰਕਾਸ਼ ਤੋਂ ਪ੍ਰਾਪਤ ਹੋ ਗਈ ਸੀ ਤਾਂ ਫਿਰ ਉਨ੍ਹਾਂ ਨੂੰ ਸਲੀਬ ਦੇ ਸੰਦੇਸ਼ ਦੀ ਕੋਈ ਲੋੜ ਨਹੀਂ ਸੀ। 4:8, 9 ਵਿੱਚ ਪੌਲੁਸ ਦੀ ਝਿੜਕ 1:4, 5 ਦੇ ਪੂਰੀ ਤਰ੍ਹਾਂ ਉਲਟ ਹੈ, ਜਿੱਥੇ ਉਸ ਨੇ ਆਖਿਆ ਸੀ, "ਮੈਂ . . . ਤੁਹਾਡੇ ਲਈ ਸਦਾ ਆਪਣੇ ਪਰਮੇਸ਼ੁਰ ਦਾ ਧੰਨਵਾਦ ਕਰਦਾ ਹਾਂ। ਇਸ ਲਈ ਜੋ ਤੁਸੀਂ ਉਸ ਵਿੱਚ ਹਰੇਕ ਗੱਲ ਅਰਥਾਤ ਸਰਬ ਵਾਕ ਅਤੇ ਸਰਬ ਗਿਆਨ ਵਿੱਚ ਧਨੀ ਕੀਤੇ ਹੋਏ ਸਾਓ।" ਪਹਿਲਾਂ ਉਸ ਨੇ ਪਰਮੇਸ਼ੁਰ ਦੀ ਕਿਰਪਾ ਉੱਤੇ ਉਨ੍ਹਾਂ ਦੀ ਨਿਰਭਰਤਾ ਨੂੰ ਸਿਆਣਿਆ ਸੀ। ਇੱਥੇ ਉਸ ਨੇ ਕਿਰਪਾ ਤੋਂ ਪਰੇ ਹੋ ਕੇ ਆਪਣੀ ਸੋਚ ਵਿੱਚ ਸੁਤੰਤਰਤਾ ਉੱਤੇ ਝਿੜਕ ਲਾਈ ਸੀ। ਅੱਗੇ ਵਧਣ ਤੋਂ ਪਹਿਲਾਂ ਰਸੂਲ ਪੌਲੁਸ ਠਹਿਰਿਆ ਅਤੇ ਆਖਿਆ, **ਕਾਸ਼ ਕਿ ਤੁਸੀਂ ਰਾਜ ਕਰਦੇ ਤਾਂ ਜੋ ਅਸੀਂ ਵੀ ਤੁਹਾਡੇ ਨਾਲ ਰਲ ਕੇ ਰਾਜ ਕਰਦੇ!** ਪੌਲੁਸ ਨੇ ਉਨ੍ਹਾਂ ਨੂੰ ਤਸੱਲੀ ਦਿੱਤੀ ਕਿ ਮਸੀਹ ਦੇ ਨਾਲ ਰਾਜ ਕਰਨ ਦਾ ਇੱਕ ਸਮਾਂ ਆ ਰਿਹਾ ਹੈ। ਉਹ ਚਾਹੁੰਦਾ ਸੀ ਕਿ ਉਹ ਦਿਨ ਛੇਤੀ ਆਵੇ। ਜਦ ਪ੍ਰਭੂ ਦੇ ਨਾਲ ਉਨ੍ਹਾਂ ਦੇ ਰਾਜ ਦਾ ਅਰੰਭ ਹੋਵੇਗਾ, ਤਦ ਪੌਲੁਸ ਵੀ ਉਨ੍ਹਾਂ ਦੇ ਨਾਲ ਹੋਵੇਗਾ।

ਪੌਲੁਸ ਨੇ ਜਿਸ ਤਰ੍ਹਾਂ ਆਪਣੀ ਆਤਮ-ਰੱਖਿਆ ਨੂੰ ਪੇਸ਼ ਕੀਤਾ ਉਸ ਵਿੱਚ ਕਿਤੇ-ਕਿਤੇ ਮਿਹਣਾ ਦਿਖਾਈ ਦਿੰਦਾ ਹੈ (ਵੇਖੋ, ਉਦਾਹਰਣ ਵਜੋਂ, 2 ਕੁਰਿੰਥੀਆਂ 11:1; 12:16), ਪਰ 1 ਕੁਰਿੰਥੀਆਂ 4:8 ਵਿੱਚ ਮਸਲਾ ਆਤਮ-ਰੱਖਿਆ ਪ੍ਰਤੀਤ ਨਹੀਂ ਹੁੰਦਾ ਹੈ। ਪੌਲੁਸ ਕਲੀਸਿਆ ਦੀ ਆਤਮਕ ਤੰਦਰੁਸਤੀ ਨੂੰ ਲੈ ਕੇ ਚਿੰਤਤ ਸੀ, ਜਿਹੜਾ ਅਜਿਹਾ ਇੱਕ ਮਸਲਾ ਸੀ ਜੋ ਉਸ ਦੇ ਰਸੂਲੀ ਇਖਤਿਆਰ ਦੇ ਨਾਲ ਜੁੜਿਆ ਹੋਇਆ ਸੀ। ਉਸ ਦਾ ਸੁਭਾਉ ਉਸ ਦੇ ਪਾਠਕਾਂ ਦੇ ਲਈ ਇੱਕ ਨਮੂਨਾ ਸੀ ਜਿਸ ਦੀ ਰੀਸ ਉਹ ਕਰ ਸਕਦੇ ਸਨ; ਪਰ ਉਨ੍ਹਾਂ ਨੇ ਆਪਣਾ ਹੀ ਰਾਹ ਫੜ ਲਿਆ ਸੀ ਅਤੇ ਮਸੀਹ ਵੱਲੋਂ ਦਰਸਾਏ ਗਏ ਇਖਤਿਆਰ ਅਤੇ ਬੁੱਧ ਦੀ ਥਾਂ ਉਸ ਨੂੰ ਵਧੇਰੇ ਮਹੱਤਵ ਦੇਣ ਲੱਗ ਪਏ ਸਨ ਜੋ ਸੰਸਾਰ ਦਰਸਾਉਂਦਾ ਹੈ। ਇਹ ਪੱਤਰ ਹੋਰਨਾਂ ਵਿਸ਼ਿਆਂ ਦੇ ਨਾਲ-ਨਾਲ ਇਹ ਸੰਕੇਤ ਵੀ ਕਰਦਾ ਹੈ ਕਿ ਕਲੀਸਿਆ ਦੇ ਬਹੁਤ ਸਾਰੇ ਲੋਕ ਆਪਣੇ ਆਪ ਨੂੰ ਪੌਲੁਸ ਨਾਲੋਂ ਬਿਹਤਰ ਆਤਮਕ ਮਾਰਗ ਦਰਸ਼ਕ ਸਮਝਣ ਲੱਗ ਪਏ ਸਨ। ਉਹ ਦਾਅਵਾ ਕਰ ਰਹੇ ਸਨ ਕਿ ਪਵਿੱਤਰ ਆਤਮਾ ਨੇ ਉਨ੍ਹਾਂ ਵਿੱਚ ਇਹ ਕਾਇਲਤਾ ਭਰ ਦਿੱਤੀ ਸੀ ਕਿ ਮਸੀਹ ਦੇ ਨਾਲ ਉਨ੍ਹਾਂ ਦੇ ਰਾਜ ਦਾ ਅਰੰਭ ਹੋ ਚੁੱਕਾ ਹੈ। ਉਨ੍ਹਾਂ ਦੀ ਸਮਝ ਵਿੱਚ ਉਹ ਜੀਵਨ ਦੇ ਨੈਤਿਕ ਮਸਲਿਆਂ ਦੇ ਸੰਘਰਸ਼ ਤੋਂ ਬਹੁਤ ਅੱਗੇ ਲੰਘ ਗਏ ਸਨ ਕਿਉਂਕਿ ਉਹ ਆਤਮਾ ਦੇ ਜਿਸ ਮਾਹੌਲ ਵਿੱਚ ਰਹਿ ਰਹੇ ਸਨ ਉਸ ਵਿੱਚ ਦੁਨਿਆਵੀ ਵਿਚਾਰ ਵੜ ਹੀ ਨਹੀਂ ਸਕਦੇ ਸਨ। ਪੌਲੁਸ ਨੇ ਇਸ ਉਚੇਰੀ ਕਲਪਨਾ ਨੂੰ ਪੂਰੀ ਤਰ੍ਹਾਂ ਰੱਦ ਦਿੱਤਾ

ਜਿਹੜੀ ਉਸ ਦੇ ਵਿਰੋਧੀ ਆਤਮਕ ਸਮਝ ਬਾਰੇ ਆਪਣੇ ਇਖਤਿਆਰ ਦੇ ਸੰਬੰਧ ਵਿੱਚ ਬਣਾਈ ਬੈਠੇ ਸਨ। ਉਹ ਨਿਸ਼ਚਿਤ ਤੌਰ ’ਤੇ ਉਨ੍ਹਾਂ ਦੇ ਵਿਚਾਰਾਂ ਨੂੰ ਇਸ ਕਰਕੇ ਰੱਦ ਸਕਦਾ ਸੀ ਕਿਉਂਕਿ ਪਰਮੇਸ਼ੁਰ ਦਾ ਰਾਜ ਪੂਰੀ ਤਰ੍ਹਾਂ ਆਉਣਾ ਅਜੇ ਬਾਕੀ ਸੀ।

**ਆਇਤ 9.** ਪੌਲੁਸ ਨੇ ਸਮਝਾਇਆ ਕਿ ਰਸੂਲੀ ਪਦ ਮਨੁੱਖਾਂ ਵਿੱਚ ਉਚੇਰਾ ਪੱਧਰ ਪ੍ਰਾਪਤ ਕਰਨ ਲਈ ਨਹੀਂ ਸੀ। ਰਸੂਲ ਹੋਣਾ ਇਸ ਭਾਵ ਨਾਲ ਇੱਕ ਸਨਮਾਨ ਦੀ ਗੱਲ ਸੀ ਕਿ ਇਹ ਪਰਮੇਸ਼ੁਰ ਵੱਲੋਂ ਆਇਆ ਇੱਕ ਸੱਦਾ ਸੀ; ਪਰ ਮਨੁੱਖੀ ਪੱਧਰ ’ਤੇ ਗੱਲ ਕਰਦਿਆਂ ਇਹ ਕਿਸੇ ਵੀ ਤਰ੍ਹਾਂ ਦੇ ਵਿਸ਼ੇਸ਼ ਲਾਭ ਜਾਂ ਸੌਖਾ ਜੀਵਨ ਨਹੀਂ ਲਿਆਉਂਦਾ ਸੀ। ਪੌਲੁਸ “ਹੁਣੇ ਹੀ ਰੱਜਿਆ ਹੋਇਆ” (4:8) ਨਹੀਂ ਸੀ; ਉਹ ਅਜੇ ਹੁਣੇ ਹੀ ਧਨੀ ਨਹੀਂ ਹੋ ਗਿਆ ਸੀ, ਅਤੇ ਨਾ ਹੀ ਰਾਜ ਕਰਨ ਲੱਗ ਪਿਆ ਸੀ। ਅਤੇ ਨਾ ਹੀ ਕੁਰਿੰਥੁਸ ਦਾ ਕੋਈ ਮਸੀਹੀ ਇਸ ਤਰ੍ਹਾਂ ਹੋਇਆ ਸੀ। ਜਿਸ ਹੰਕਾਰ ਨਾਲ ਕੁਝ ਲੋਕ ਪੌਲੁਸ ਦੇ ਵਿਰੁੱਧ ਨਿਆਉਂ ਕਰਨ ਦਾ ਜਤਨ ਕਰ ਰਹੇ ਸਨ, ਉਹ ਉਨ੍ਹਾਂ ਵਿੱਚ ਸੰਪੂਰਣ ਮਸੀਹੀ ਨਿਹਚਾ ਦੀ ਗਲਤ ਸਮਝ ਦਾ ਪ੍ਰਮਾਣ ਹੈ। ਜਿਹੜੇ ਲੋਕ ਉਚੇਰਾ ਪੱਧਰ ਪ੍ਰਾਪਤ ਕਰਨ ਲਈ ਮੁਕਾਬਲਾ ਕਰ ਰਹੇ ਸਨ ਉਨ੍ਹਾਂ ਨੂੰ ਮਸੀਹ ਕੋਲੋਂ ਅਤੇ ਉਸ ਦੇ ਰਸੂਲਾਂ ਕੋਲੋਂ ਬਹੁਤ ਕੁਝ ਸਿੱਖਣ ਦੀ ਲੋੜ ਸੀ। ਪੌਲੁਸ ਅਤੇ ਉਸ ਦੇ ਵਿਰੋਧੀਆਂ ਵਿਚਕਾਰ ਭਿੰਨਤਾ ਬਹੁਤ ਵਧੀਕ ਸੀ।

ਜਿਨ੍ਹਾਂ ਅਖਾੜਿਆਂ ਵਿੱਚ ਗਲੈਡਿਏਟਰ ਲੜਦੇ ਹੁੰਦੇ ਸਨ, ਉਨ੍ਹਾਂ ਵਿੱਚੋਂ ਰੂਪਕ ਦੀ ਵਰਤੋਂ ਕਰਦਿਆਂ ਪੌਲੁਸ ਰਸੂਲਾਂ ਦੀ ਤੁਲਨਾ **ਕਤਲ ਹੋਣ ਵਾਲਿਆਂ ਵਰਗਿਆਂ** ਨਾਲ ਕਰਦਾ ਹੈ; ਉਹ **ਜਗਤ . . . ਦੇ ਲਈ ਇੱਕ ਤਮਾਸ਼ਾ ਬਣੇ ਹੋਏ** ਸਨ। ਕਦੇ-ਕਦੇ ਅਖਾੜਿਆਂ ਦੇ ਪ੍ਰਬੰਧਕ ਦੋਸ਼ੀਆਂ ਨੂੰ ਸਾਰੀ ਭੀੜ ਦੇ ਅੱਗੇ ਪਰੇਡ ਕਰਾਉਂਦੇ ਹੁੰਦੇ ਸਨ। ਜਿਨ੍ਹਾਂ ਦੀ ਮੌਤ ਦਾ ਹੁਕਮ ਹੋ ਚੁੱਕਾ ਸੀ ਉਨ੍ਹਾਂ ਦੀ ਕੋਈ ਇੱਜ਼ਤ ਬਾਕੀ ਨਹੀਂ ਰਹਿ ਜਾਂਦੀ ਸੀ। ਰਸੂਲ ਆਪਣੇ ਆਪ ਦੀ ਤੁਲਨਾ ਇਨ੍ਹਾਂ ਕੈਦੀਆਂ ਨਾਲ ਕਰਦਾ ਹੈ। ਉਹ **ਦੂਤਾਂ ਅਤੇ ਮਨੁੱਖਾਂ ਦੇ ਲਈ** ਇੱਕ ਤਮਾਸ਼ਾ ਬਣ ਚੁੱਕਾ ਸੀ, ਜਿਹੜਾ ਕਿ ਦੁਪਹਿਰ ਦੀ ਖੇਡ ਦਾ ਇੱਕ ਹਿੱਸਾ ਹੁੰਦਾ ਸੀ। ਪਰ ਫਿਰ ਵੀ ਉਸ ਦੇ ਸ਼ਬਦਾਂ ਵਿੱਚ ਆਪਣੇ ਉੱਤੇ ਤਰਸਵਾਨ ਹੋਏ ਵਿਅਕਤੀ ਦੀਆਂ ਸ਼ਿਕਾਇਤਾਂ ਨਹੀਂ ਦਿਸਦੀਆਂ; ਸਗੋਂ, ਪੌਲੁਸ ਕੁਰਿੰਥੁਸ ਦੇ ਵਿਸ਼ਵਾਸੀਆਂ ਨੂੰ ਦਰਸਾ ਰਿਹਾ ਸੀ ਕਿ ਰਸੂਲ ਦਾ ਕੰਮ ਕਿਸੇ ਪ੍ਰਸਿੱਧ ਗੈਰਮਸੀਹੀ ਫਿਲਾਸਫਰ ਵਰਗਾ ਠਾਠ-ਬਾਠ ਵਾਲਾ ਨਹੀਂ ਸੀ। ਉਸ ਦੇ ਵਿਰੋਧੀ ਉਸ ਦੇ ਮੁੱਖ ਬਿੰਦੂ ਨੂੰ ਜ਼ਰੂਰ ਸਮਝ ਗਏ ਹੋਣਗੇ। ਜੇਕਰ ਪੌਲੁਸ, ਮਸੀਹ ਦਾ ਰਸੂਲ, ਉਨ੍ਹਾਂ ਦੀ ਖਾਤਿਰ ਐਨਾ ਅਪਮਾਨ ਸਹਿਣ ਕਰ ਰਿਹਾ ਸੀ, ਤਾਂ ਸ਼ਾਇਦ ਉਨ੍ਹਾਂ ਨੂੰ ਆਪਣੇ ਨਿਆਉਂ ਵਿੱਚ ਥੋੜਾ ਸਿਆਣੇ ਬਣਨ ਲਈ ਆਖਣਾ ਜਾਇਜ਼ ਸੀ।

**ਆਇਤ 10.** ਮਿਹਣਾ ਦੋਧਾਰੀ ਤਲਵਾਰ ਵਰਗਾ ਕੰਮ ਕਰ ਸਕਦਾ ਹੈ। ਸ਼ਬਦ ਜਾਂ ਵਿਹਾਰ ਉਸ ਦੇ ਦਿਲ ਨੂੰ ਲੱਗ ਗਏ ਸਨ। ਜਿਹੜੇ ਲੋਕਾਂ ਨੂੰ ਉਸ ਦੀ ਮਦਦ ਕਰਨੀ ਚਾਹੀਦੀ ਸੀ ਉਹ ਉਸ ਨੂੰ ਨੀਵਾਂ ਦਿਖਾ ਰਹੇ ਅਤੇ ਅਪਮਾਨਿਤ ਕਰ ਰਹੇ ਸਨ। 4:10 ਵਿੱਚ **ਅਸੀਂ ਮਸੀਹ ਦੇ ਨਮਿੱਤ ਮੂਰਖ ਹਾਂ** ਦਾ ਅਸਲ ਵਿੱਚ ਅਰਥ ਇਹ ਹੈ, “ਤੁਸੀਂ ਜੋ ਮੇਰੇ ਉਦੇਸ਼ਾਂ ’ਤੇ ਸਵਾਲ ਚੁੱਕਦੇ ਹੋ ਅਤੇ ਮੇਰੀ ਲੜਖੜਾਉਂਦੀ ਬੋਲੀ ’ਤੇ ਹੱਸਦੇ ਹੋ, ਤੁਹਾਨੂੰ ਪਰਮੇਸ਼ੁਰ ਦੇ ਰਾਜ ਵਿੱਚ ਨਿਰਸੁਆਰਥ ਸੇਵਾ ਦਾ ਕੋਈ ਅੰਦਾਜ਼ਾ ਹੀ ਨਹੀਂ ਹੈ।” ਪੌਲੁਸ ਦਾ ਲਹਿਜ਼ਾ ਦਰਸਾ ਰਿਹਾ ਸੀ ਕਿ ਜਿਹੜੇ ਲੋਕ ਆਪਣੇ ਆਪ ਨੂੰ **ਮਸੀਹ ਵਿੱਚ ਸਿਆਣੇ** ਸਮਝ ਰਹੇ ਸਨ ਉਨ੍ਹਾਂ ਤੋਂ ਲੱਗੇ ਜ਼ਖਮਾਂ ਨੂੰ ਉਹ ਮਹਿਸੂਸ ਕਰ ਰਿਹਾ ਸੀ। ਉਸ ਨੇ ਆਪਣੇ ਵਿਰੋਧੀਆਂ ਦੇ ਮਾੜੇ ਵਿਹਾਰ ਨਾਲ ਉਨ੍ਹਾਂ ਦਾ ਸਾਹਮਣਾ ਕਰਾਉਣ ਲਈ ਮਿਹਣੇ ਦੀ ਵਰਤੋਂ

ਕੀਤੀ, ਜਿਸ ਨੇ ਉਨ੍ਹਾਂ ਨੂੰ ਸ਼ੀਸ਼ੇ ਅੱਗੇ ਲਿਆਣ ਕੇ ਖੜਾ ਕਰ ਦਿੱਤਾ। ਚੰਗਿਆਈ ਆਉਣ ਤੋਂ ਪਹਿਲਾਂ ਪੌਲੁਸ ਦੇ ਵਿਰੋਧੀਆਂ ਲਈ ਆਪਣੇ ਪਾਪ ਨੂੰ ਸਿਆਣਨਾ ਅਤੇ ਉਸ ਦਾ ਇਕਰਾਰ ਕਰਨਾ ਜ਼ਰੂਰੀ ਸੀ। ਸਿਰਫ ਤਦ ਹੀ ਉਹ ਉਸ ਸ਼ਰਮ ਵਿੱਚ ਭਾਈਵਾਲ ਹੋ ਸਕਦੇ ਸਨ ਜਿਸ ਨੂੰ ਉਸ ਨੇ ਮਹਿਸੂਸ ਕੀਤਾ ਸੀ।

ਪੌਲੁਸ ਦੇ ਨਿੰਦਕ ਸੋਚ ਰਹੇ ਸਨ ਕਿ ਮਸੀਹ ਨੂੰ ਪ੍ਰਭੂ ਮੰਨ ਕੇ ਕੀਤਾ ਗਿਆ ਉਨ੍ਹਾਂ ਦਾ ਇਕਰਾਰ ਸੰਸਾਰ ਦੇ ਸਾਹਮਣੇ ਉਨ੍ਹਾਂ ਦੀ ਸਿਆਣਪ ਅਤੇ ਤਾਕਤ ਦਾ ਪ੍ਰਮਾਣ ਸੀ, ਜਿਸ ਤੋਂ ਉਨ੍ਹਾਂ ਨੂੰ ਪਛਾਣ ਅਤੇ ਸਤਿਕਾਰ ਮਿਲ ਸਕਦਾ ਸੀ। ਪਰ ਪੌਲੁਸ ਆਖ ਰਿਹਾ ਸੀ ਕਿ "ਇਸ ਦੇ ਉਲਟ ਜੇਕਰ ਸੰਸਾਰ ਸਾਨੂੰ ਰਸੂਲਾਂ ਨੂੰ ਮੂਰਖ, ਨਿਰਬਲ, ਮਹੱਤਵਹੀਣ, ਮੁਸੀਬਤਾਂ ਦੇ ਵਸੀਲੇ ਆਖਣਾ ਚਾਹੁੰਦਾ ਹੈ ਤਾਂ ਅਸੀਂ ਇਸ ਦੀ ਇਜਾਜ਼ਤ ਦੇ ਦਿੰਦੇ ਹਾਂ।" ਅਸੀਂ "ਮਸੀਹ ਦੀ ਖਾਤਿਰ" ਕਿਸੇ ਵੀ ਤਰ੍ਹਾਂ ਦੇ ਅਪਮਾਨ ਨੂੰ ਸਹਿਣ ਲਈ ਤਿਆਰ ਹਾਂ। ਸਾਡੇ ਅੰਦਰ ਕਿਸੇ ਵੀ ਤਰ੍ਹਾਂ ਦੇ ਗੁਪਤ ਉਦੇਸ਼ ਨਹੀਂ ਹਨ। ਅਸੀਂ ਮਸੀਹ ਦੀ ਸੇਵਾ ਇਸ ਕਰਕੇ ਕਰਦੇ ਹਾਂ ਭਈ ਲੋਕ ਸੱਚਾਈ ਨੂੰ ਜਾਣ ਲੈਣ ਅਤੇ ਬਚਾਏ ਜਾਣ। ਅਸੀਂ ਸੰਸਾਰ ਵੱਲੋਂ ਆਉਣ ਵਾਲੀ ਕਿਸੇ ਵੀ ਤਰ੍ਹਾਂ ਦੀ ਸਜ਼ਾ ਨੂੰ ਸਵੀਕਾਰ ਕਰਦੇ ਹਾਂ। **ਅਸੀਂ ਨਿਰਬਲ ਹਾਂ ਪਰ ਤੁਸੀਂ ਬਲਵੰਤ ਹੋ।**

**ਆਇਤ 11.** ਇਹ ਮਿਹਣਾ ਰਸੂਲੀ ਪਦ ਦੇ ਅਰਥ ਨੂੰ ਬੜੀ ਹੀ ਨਰਮਾਈ ਨਾਲ ਪੇਸ਼ ਕਰਦਾ ਹੈ। ਇਸ ਦਾ ਅਕਸਰ ਅਰਥ ਹੁੰਦਾ ਹੈ **ਭੁੱਖੇ, ਤਿਹਾਏ** ਰਹਿਣਾ ਅਤੇ ਬਦਸਲੂਕੀ ਸਹਿਣਾ, ਢੁਕਵੇਂ ਕੱਪੜਿਆਂ ਜਾਂ ਟਿਕਾਣੇ ਤੋਂ ਬਿਨਾ ਹੋਣਾ। ਇਹ ਸ਼ਬਦ ਸਾਨੂੰ ਆਪਣੇ ਅੰਦਰ ਝਾਤੀ ਮਾਰਨ ਲਈ ਮਜਬੂਰ ਕਰਦੇ ਹਨ। ਆਪਣੇ ਰਸੂਲੀ ਪਦ ਲਈ ਪੌਲੁਸ ਦਾ ਚਿੰਤਨ ਜਿੰਨਾ ਆਪਣੇ ਲਈ ਸੀ ਓਨੀ ਹੀ ਉਸ ਦੇ ਪਾਠਕਾਂ ਲਈ ਵੀ ਸੀ। ਜਿਹੜਾ ਪੱਖ ਸਮਰਥਕ ਵਿਹਾਰ 2 ਕੁਰਿੰਥੀਆਂ 11:23-29 ਵਿੱਚ ਅਤੇ ਸ਼ਾਇਦ 2 ਕੁਰਿੰਥੀਆਂ 6:3-10 ਵਿੱਚ ਵੀ ਪ੍ਰਮੁੱਖ ਦਿਖਾਈ ਦਿੰਦਾ ਹੈ, ਉਹ ਇੱਥੇ ਘੱਟ ਹੀ ਦਿਸਦਾ ਹੈ। ਯਰੂਸ਼ਲਮ ਦੇ ਆਰਾਮ ਅਤੇ ਆਪਣੇ ਸੰਗੀ ਗਿਆਨੀ ਫਰੀਸੀਆਂ ਨਾਲ ਹੋਣ ਵਾਲੀਆਂ ਉਸ ਦੀਆਂ ਤਕਰੀਰਾਂ ਉਸ ਦੇ ਅਤੀਤ ਵਿੱਚ ਪਿਛਾਂਹ ਰਹਿ ਗਈਆਂ ਸਨ। ਹੁਣ ਤਾਂ ਉਹ ਹਾਲ ਹੀ ਵਿੱਚ ਐਨਾਟੋਲੀਆ ਦੇ ਉੱਚੇ ਪਠਾਰਾਂ ਵਿੱਚ ਬੀਤੇ ਤਪਦੇ ਦਿਨਾਂ ਅਤੇ ਠੰਡੀਆਂ ਸੀਤ ਰਾਤਾਂ ਨੂੰ ਚੇਤੇ ਕਰਦਾ ਸੀ। ਸ਼ਾਇਦ ਇਕੱਲਿਆਂ ਜਾਂ ਆਪਣੇ ਇੱਕ ਜਾਂ ਦੋ ਸਾਥੀਆਂ ਦੇ ਨਾਲ ਉਸ ਨੇ ਉਸ ਸਾਰੇ ਇਲਾਕੇ ਦੀ ਪੈਦਲ ਹੀ ਯਾਤਰਾ ਕੀਤੀ ਸੀ, ਅਤੇ ਸ਼ਾਇਦ ਲਗਭਗ ਵੀਹ ਮੀਲ ਰੋਜ਼ਾਨਾ ਤੁਰਦਿਆਂ ਅਫ਼ਸੁਸ ਪਹੁੰਚਿਆ ਸੀ (ਰਸੂਲਾਂ ਦੇ ਕਰਤੱਬ 19:1)। ਭੋਜਨ ਅਤੇ ਪੈਸੇ ਦੀ ਘਾਟ ਸੀ। ਉਸ ਨੂੰ ਖੁੱਲ੍ਹੇ ਆਸਮਾਨ ਹੇਠ ਰਾਤਾਂ ਕੱਟਣੀਆਂ ਪਈਆਂ ਅਤੇ ਲੁਟੇਰਿਆਂ ਤੋਂ ਸਾਵਧਾਨ ਰਹਿਣ ਲਈ ਜਾਗਣਾ ਪਿਆ ਸੀ। ਅਫ਼ਸੁਸ ਵਿੱਚ ਵੀ ਉਸ ਦਾ ਸੁਆਗਤ ਕਰਨ ਲਈ ਕੋਈ ਨਹੀਂ ਆਇਆ ਸੀ। ਕੋਈ ਖੂੰਜਾ ਜਾਂ ਕੰਧ ਦੇ ਲਾਗੇ ਕੋਈ ਖਾਲੀ ਪਿਆ ਥਾਂ ਹੀ ਉਸ ਦਾ ਘਰ ਸੀ। ਨਹਾਉਣਾ ਅਤੇ ਬਦਲਣ ਲਈ ਕੱਪੜੇ ਹੋਣਾ ਤਾਂ ਔਖਿਆਈ ਨਾਲ ਮਿਲਣ ਵਾਲੀ ਬਰਕਤ ਸੀ। **ਇਸ ਘੜੀ ਤੀਕ** ਉਹ ਰਸੂਲੀ ਪਦ ਦਾ ਭਾਰ ਚੁੱਕਦਾ ਆ ਰਿਹਾ ਸੀ। ਇਹ ਉਸ ਦੇ ਲਈ ਸਨਮਾਨ ਦਾ ਤਮਗਾ ਸੀ। ਆਖਰੀ ਸ਼ਬਦ, **ਬੇ ਟਿਕਾਣਾ** (ἀστατέω, *ਐਸਟੈਟੇਓ*), ਨਵੇਂ ਨੇਮ ਵਿੱਚ ਸਿਰਫ ਇੱਥੇ ਹੀ ਇਸਤੇਮਾਲ ਹੋਇਆ ਹੈ; ਇਸ ਦਾ ਅਰਥ ਹੈ ਟਿਕਣ ਦੀ ਥਾਂ ਨਾ ਹੋਣ ਕਰਕੇ ਇੱਧਰ ਉੱਧਰ ਭਟਕਦੇ ਰਹਿਣਾ।

**ਆਇਤ 12.** ਕੁਰਿੰਥੁਸ ਦੇ ਕੁਝ ਲੋਕਾਂ ਨੂੰ ਸ਼ਾਇਦ ਚੇਤੇ ਹੋਵੇਗਾ ਕਿ ਉਹ ਪੌਲੁਸ ਨੂੰ ਪਹਿਲੀ ਵਾਰੀ ਅਕੂਲਾ ਦੀ ਵਰਕਸ਼ਾਪ ਵਿੱਚ ਮਿਲੇ ਸਨ (ਰਸੂਲਾਂ ਦੇ ਕਰਤੱਬ 18:2, 3)।

ਉਸ ਨੇ ਕਦੇ ਕਿਸੇ ਦਾਨ ਦੀ ਉਮੀਦ ਨਹੀਂ ਰੱਖੀ ਸੀ। **ਆਪਣੇ ਹੱਥਾਂ ਨਾਲ ਕੰਮ ਧੰਧੇ ਕਰ ਕੇ ਮਿਹਨਤ ਕਰਦੇ** ਹੋਏ ਉਹ ਅਤੇ ਹੋਰ ਉਪਦੇਸ਼ਕ ਆਪਣਾ ਗੁਜ਼ਾਰਾ ਚਲਾਉਂਦੇ ਸਨ। ਮਿਨਹਤ ਕਰਨ ਬਾਰੇ ਰਸੂਲ ਪੌਲੁਸ ਦਾ ਵਿਹਾਰ ਉਸ ਵੇਲੇ ਦੇ ਗ੍ਰੀਕੋ-ਰੋਮੀ ਸੰਸਾਰ ਵਿਚਲੇ ਗਿਆਨੀ ਫਿਲਾਸਫਰਾਂ ਅਤੇ ਧਨਵਾਨ ਜ਼ਿੰਮੀਦਾਰਾਂ ਦੇ ਬਿਲਕੁਲ ਉਲਟ ਸੀ। ਪੌਲੁਸ ਦੇ ਸਮੇਂ ਦੇ ਸ਼ਾਸਤਰੀ ਹੱਥਾਂ ਨਾਲ ਕੀਤੀ ਜਾਣ ਵਾਲੀ ਮਿਹਨਤ ਨੂੰ ਘਿਰਣਿਤ ਸਮਝਦੇ ਹੁੰਦੇ ਸਨ।[7] ਪਰ ਪੌਲੁਸ ਨੂੰ ਕੋਈ ਸ਼ਰਮ ਮਹਿਸੂਸ ਨਹੀਂ ਸੀ ਕਿ ਉਹ “ਰਾਤ ਦਿਨ ਕੰਮ ਧੰਦਾ ਕਰੇ” ਤਾਂ ਜੋ ਕਿਸੇ ਵੀ ਭਰਾ ਉੱਤੇ ਭਾਰੂ ਨਾ ਹੋਏ (1 ਥੱਸਲੁਨੀਕੀਆਂ 2:9)। ਪਾਪ ਵਿੱਚ ਡੁੱਬੇ ਸੰਸਾਰ ਵਿੱਚ ਮਸੀਹ ਦਾ ਪ੍ਰਚਾਰ ਕਰਨ ਦੇ ਪੌਲੁਸ ਦਿਆਂ ਜਤਨਾਂ ਦੇ ਜਵਾਬ ਵਿੱਚ ਉਸ ਦੇ ਵੈਰੀਆਂ ਨੇ ਉਸ ਨੂੰ ਚੁੱਪ ਕਰਾਉਣ ਦੇ ਜਤਨ ਕੀਤੇ ਸਨ। ਹਾਲਾਂਕਿ ਰਸੂਲ ਪੌਲੁਸ **ਗਾਲੀਆਂ ਖਾ ਕੇ ਸਤਾਇਆ ਗਿਆ** ਸੀ, ਤਾਂ ਵੀ ਉਹ ਲੋਕਾਂ ਨੂੰ ਪ੍ਰੇਮ ਕਰਦਾ ਸੀ, ਆਪਣੇ ਵਿਰੋਧੀਆਂ ਨੂੰ ਅਸੀਸਾਂ ਦਿੰਦਾ ਸੀ, ਪਰ ਆਪਣੇ ਮਿਸ਼ਨ ਨੂੰ ਵੀ ਜਾਰੀ ਰੱਖਦਾ ਸੀ।

**ਆਇਤ 13.** ਰਸੂਲ ਦੇ ਜੀਵਨ ਵਿੱਚ ਭਾਵੇਂ ਜੋ ਵੀ ਹੋਵੇ, ਪਰ ਕਿਸੇ ਵੀ ਤਰ੍ਹਾਂ ਦੀ ਠਾਠ-ਬਾਠ ਨਹੀਂ ਸੀ। ਮਸੀਹ ਵੱਲੋਂ ਪੌਲੁਸ ਦੇ ਸਪੁਰਦ ਕੀਤਾ ਗਿਆ ਮਿਸ਼ਨ ਸਮਾਜਕ ਤਾਕਤ ਜਾਂ ਸਤਿਕਾਰ ਲੈ ਕੇ ਨਹੀਂ ਆਇਆ ਸੀ; ਸਗੋਂ ਇਸ ਦਾ ਅਰਥ ਤਾਂ ਇਹ ਸੀ ਕਿ ਦੂਜੀ ਗੱਲ ਵੀ ਅੱਗੇ ਕਰ ਦਿਓ, ਜਦ ਆਪਣੀ ਬਦਨਾਮੀ ਹੋਵੇ ਤਾਂ ਦੂਜਿਆਂ ਨੂੰ ਪ੍ਰੋਤਸਾਹਿਤ ਕਰੋ, ਅਤੇ **ਜਗਤ ਦੇ ਕੂੜੇ ਵਰਗੇ ਅਤੇ ਸਭਨਾਂ ਵਸਤਾਂ ਦੇ ਝਾੜਨ** ਵਰਗੇ ਸਮਝੇ ਜਾਓ। ਜ਼ਿਆਦਾਤਰ ਪੁਰਾਤਨ ਲੇਖਕ ਵਡਿਆਈ, ਪ੍ਰਸਿੱਧੀ ਅਤੇ ਤਾਕਤ ਭਾਲਦੇ ਸਨ। ਸੰਸਾਰ ਦੇ ਇਨ੍ਹਾਂ ਉੱਚ ਦਰਜੇ ਦਿਆਂ ਲੋਕਾਂ ਦੀ ਪੌਲੁਸ ਤੋਂ ਉਮੀਦ ਇਹ ਰਹੀ ਹੋਵੇਗੀ ਕਿ ਉਹ ਕੁਰਿੰਥੁਸ ਵਿਚਲੇ ਆਪਣੇ ਪੈਰੋਕਾਰਾਂ ਦੀ, ਜੇਕਰ ਉਸ ਕੋਲ ਕੁਝ ਹੈ ਸਨ, ਦੇਖਰੇਖ ਕਰੇ। ਉਨ੍ਹਾਂ ਦੀਆਂ ਨਜ਼ਰਾਂ ਵਿੱਚ ਉਸ ਨੂੰ ਅਪੁੱਲੋਸ ਦੇ ਦਲ ਲਈ ਨਹੀਂ, ਸਗੋਂ ਆਪਣੇ ਦਲ ਲਈ ਲੜਨ ਵਾਸਤੇ ਅਤੇ ਜਿੱਤਣ ਵਾਸਤੇ ਤਿਆਰ ਰਹਿਣਾ ਚਾਹੀਦਾ ਸੀ। ਪਰ ਅਜਿਹੇ ਕੰਮਾਂ ਵਿੱਚ ਪੌਲੁਸ ਦੀ ਕੋਈ ਦਿਲਚਸਪੀ ਨਹੀਂ ਸੀ। ਜਿਹੜੇ ਉਸ ਨੂੰ ਸਰਾਪ ਦਿੰਦੇ ਸਨ, ਉਸ ਨੇ ਉਨ੍ਹਾਂ ਨੂੰ ਉਨ੍ਹਾਂ ਦੀ ਮਨਮਰਜ਼ੀ ਕਰਨ ਦਿੱਤੀ। ਪੌਲੁਸ ਨੇ ਉਨ੍ਹਾਂ ਗੱਲਾਂ ਨੂੰ ਪੂਰੀ ਤਰ੍ਹਾਂ ਰੱਦ ਦਿੱਤਾ ਜਿਨ੍ਹਾਂ ਨੂੰ ਉਸ ਦੇ ਸਮੇਂ ਦੇ ਬਾਕੀ ਆਗੂ ਵਡਿਆਈ ਅਤੇ ਸਤਿਕਾਰ ਦੀਆਂ ਗੱਲਾਂ ਮੰਨਦੇ ਸਨ। ਉਸ ਨੇ ਆਪਣੀ ਵਡਿਆਈ ਦੀ ਥਾਂ ਪ੍ਰਭੂ ਦੀ ਵਡਿਆਈ ਚਾਹੀ। ਪੌਲੁਸ ਨੇ ਬੜੇ ਅਨੰਦ ਨਾਲ ਅਪੁੱਲੋਸ ਦਾ ਅਤੇ ਹਰੇਕ ਉਸ ਵਿਅਕਤੀ ਦਾ ਸਨਮਾਨ ਕੀਤਾ ਜਿਹੜਾ ਮਸੀਹ ਦੀ ਵਡਿਆਈ ਕਰਦੀ ਸੀ। ਇਸੇ ਤਰ੍ਹਾਂ, ਅਪੁੱਲੋਸ ਦੇ ਦਲ ਤੋਂ ਮਿਲੀ ਚੁਣੌਤੀ ਦੇ ਜਵਾਬ ਵਿੱਚ ਰਸੂਲ ਪੌਲੁਸ ਦੀ ਖੁੱਲ੍ਹਦਿਲੀ ਨੇ ਉਨ੍ਹਾਂ ਨੂੰ ਹੈਰਾਨ ਕਰਨ ਦੇ ਨਾਲ-ਨਾਲ ਸ਼ਰਮਿੰਦਾ ਵੀ ਕੀਤਾ ਹੋਵੇਗਾ।

## ਪੌਲੁਸ ਨਿਹਚਾ ਵਿੱਚ ਉਨ੍ਹਾਂ ਦੇ “ਪਿਤਾ” ਵਾਂਗ (4:14-21)

ਕੁਰਿੰਥੁਸ ਦੇ ਸਾਰੇ ਮਸੀਹੀ ਪੌਲੁਸ ਅਤੇ ਉਸ ਦੇ ਰਸੂਲੀ ਮਿਸ਼ਨ ਦੇ ਵਿਰੋਧੀ ਨਹੀਂ ਸਨ। ਰਸੂਲ ਪੌਲੁਸ ਵਫਾਦਾਰਾਂ ਨੂੰ ਉਤਸ਼ਾਹਿਤ ਕਰਨ ਦੇ ਨਾਲ-ਨਾਲ ਉਨ੍ਹਾਂ ਦਾ ਸਾਹਮਣਾ ਵੀ ਕਰਦਾ ਸੀ ਜਿਹੜੇ ਮਸੀਹ ਦੀ ਦੇਹੀ ਦੀ ਏਕਤਾ ਨੂੰ ਭੰਗ ਕਰਨ ਦੀ ਤਾਕ ਵਿੱਚ ਰਹਿੰਦੇ ਸਨ। ਪੌਲੁਸ ਨੇ ਪੱਤਰ ਦੇ ਇਸ ਹਿੱਸੇ ਨੂੰ ਸਮਾਪਤ ਕਰਦਿਆਂ ਆਪਣੇ ਪਾਠਕਾਂ ਨੂੰ ਚੇਤੇ

ਕਰਾਇਆ ਕਿ ਉਨ੍ਹਾਂ ਨੇ ਇਕੱਠਿਆਂ ਕੀ-ਕੀ ਸਹਿਣ ਕੀਤਾ ਸੀ, ਉਸ ਨੇ ਲਗਾਤਾਰ ਉਨ੍ਹਾਂ ਦੀ ਫਿਕਰ ਕੀਤੀ ਸੀ, ਅਤੇ ਕਲੀਸਿਆ ਵਿੱਚ ਆਏ ਗਤੀਰੋਧ ਨੂੰ ਤਸੱਲੀਬਖਸ਼ ਤਰੀਕੇ ਨਾਲ ਮਿਟਾਉਣ ਲਈ ਉਸ ਨੇ ਸੰਕਲਪ ਧਾਰਿਆ ਹੋਇਆ ਸੀ।

**[14]ਮੈਂ ਏਹ ਗੱਲਾਂ ਤੁਹਾਨੂੰ ਲੱਜਿਆਵਾਨ ਕਰਨ ਲਈ ਨਹੀਂ ਸਗੋਂ ਆਪਣੇ ਪਿਆਰਿਆਂ ਬਾਲਕਾਂ ਵਾਂਙੁ ਸਮਝਾਉਣ ਲਈ ਲਿਖਦਾ ਹਾਂ। [15]ਭਾਵੇਂ ਹੀ ਮਸੀਹ ਵਿੱਚ ਦਸ ਹਜ਼ਾਰ ਉਸਤਾਦ ਤੁਹਾਡੇ ਹੋਣ ਪਰ ਪਿਉ ਬਹੁਤੇ ਨਹੀਂ ਇਸ ਲਈ ਜੋ ਮਸੀਹ ਯਿਸੂ ਵਿੱਚ ਖੁਸ਼ ਖਬਰੀ ਦੇ ਵਸੀਲੇ ਨਾਲ ਤੁਹਾਡਾ ਪਿਉ ਮੈਂ ਹੀ ਹੋਇਆ। [16]ਸੋ ਮੈਂ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ ਜੋ ਤੁਸੀਂ ਮੇਰੀ ਰੀਸ ਕਰੋ। [17]ਇਸ ਕਰਕੇ ਮੈਂ ਤਿਮੋਥਿਉਸ ਨੂੰ ਤੁਹਾਡੇ ਕੋਲ ਘੱਲਿਆ ਜਿਹੜਾ ਪ੍ਰਭੂ ਵਿੱਚ ਮੇਰਾ ਪਿਆਰਾ ਅਤੇ ਨਿਹਚੇ ਜੋਗ ਪੁੱਤ੍ਰ ਹੈ। ਉਹ ਮੇਰੇ ਵਰਤਾਵੇ ਜੋ ਮਸੀਹ ਵਿੱਚ ਹਨ ਤੁਹਾਨੂੰ ਚੇਤੇ ਕਰਾਵੇਗਾ ਜਿਸ ਤਰਾਂ ਮੈਂ ਸਭਨੀਂ ਥਾਈਂ ਹਰੇਕ ਕਲੀਸਿਆ ਵਿੱਚ ਉਪਦੇਸ਼ ਕਰਦਾ ਹਾਂ। [18]ਕਈ ਇਹ ਸਮਝ ਕੇ ਫੁੱਲਦੇ ਹਨ ਭਈ ਜਿਵੇਂ ਮੈਂ ਤੁਹਾਡੇ ਕੋਲ ਨਹੀਂ ਆਵਾਂਗਾ। [19]ਪਰ ਜੇ ਪ੍ਰਭੂ ਚਾਹੇ ਤਾਂ ਮੈਂ ਤੁਹਾਡੇ ਕੋਲ ਛੇਤੀ ਆਵਾਂਗਾ ਅਤੇ ਫੁੱਲਿਆਂ ਹੋਇਆਂ ਦੇ ਬਚਨ ਨੂੰ ਨਹੀਂ ਸਗੋਂ ਓਹਨਾਂ ਦੀ ਸਮਰੱਥਾ ਨੂੰ ਜਾਣ ਲਵਾਂਗਾ। [20]ਪਰਮੇਸ਼ੁਰ ਦਾ ਰਾਜ ਗੱਲਾਂ ਵਿੱਚ ਤਾਂ ਨਹੀਂ ਸਗੋਂ ਸਮਰੱਥਾ ਵਿੱਚ ਹੈ। [21]ਤੁਸੀਂ ਕੀ ਚਾਹੁੰਦੇ ਹੋ ਭਈ ਮੈਂ ਸੋਟਾ ਫੜ ਕੇ ਤੁਹਾਡੇ ਕੋਲ ਆਵਾਂ ਅਥਵਾ ਪ੍ਰੇਮ ਅਤੇ ਨਰਮਾਈ ਦੇ ਆਤਮਾ ਨਾਲ?**

**ਆਇਤ 14.** ਪੌਲੁਸ ਵੱਲੋਂ ਲਿਖੀਆਂ ਗਈਆਂ ਕੁਝ ਗੱਲਾਂ ਸੱਚਮੁੱਚ ਕੁਰਿੰਥੁਸ ਦੀ ਕਲੀਸਿਆ ਦੇ ਸ਼ਰਮਨਾਕ ਵਿਹਾਰ ਨੂੰ ਪਰਗਟ ਕਰ ਰਹੀਆਂ ਸਨ। ਮਸੀਹ ਦੇ ਚੇਲਿਆਂ ਲਈ ਇਹ ਬੜੀ ਸ਼ਰਮਨਾਕ ਗੱਲ ਸੀ ਕਿ ਇੱਕ ਪਾਸੇ ਉਹ ਮਸੀਹ ਦੇ ਰਸੂਲ ਪੌਲੁਸ ਨੂੰ ਰੱਦਣ ਅਤੇ ਦੂਜੇ ਪਾਸੇ ਆਪਣੇ ਆਪ ਨੂੰ ਰੱਜੇ ਹੋਏ, ਧਨੀ ਅਤੇ ਰਾਜੇ ਸਮਝਣ (4:8)। ਉਨ੍ਹਾਂ ਨੇ ਪੌਲੁਸ ਨੂੰ ਮੂਰਖ ਜਾਣਿਆ ਸੀ ਅਤੇ ਆਪਣੇ ਆਪ ਨੂੰ "ਸਿਆਣੇ" ਜਾਂ ਬੁੱਧਵਾਨ (4:10)। ਮਿਹਣਾ, ਵਿਅੰਗ ਅਤੇ ਸ਼ਰਮ ਉਹ ਤਰੀਕੇ ਸਨ ਜਿਨ੍ਹਾਂ ਦੀ ਵਰਤੋਂ ਕਰਨ ਤੋਂ ਪੌਲੁਸ ਸੰਗਿਆ ਨਹੀਂ। ਇਸੇ ਪੱਤਰ ਵਿੱਚ ਅੱਗੇ ਚੱਲ ਕੇ ਉਸ ਨੇ ਆਖਿਆ, "ਮੈਂ ਤੁਹਾਨੂੰ ਲੱਜਿਆਵਾਨ ਕਰਨ ਲਈ ਇਹ ਆਖਦਾ ਹਾਂ" (6:5; ਵੇਖੋ 15:34)।

ਪੌਲੁਸ ਦੇ ਕਹਿਣ ਦਾ ਭਾਵ ਕੀ ਸੀ? ਉਸ ਦਾ ਉਦੇਸ਼ ਉਨ੍ਹਾਂ ਨੂੰ **ਲੱਜਿਆਵਾਨ ਕਰਨ ਲਈ ਨਹੀਂ ਸਗੋਂ** [ਉਨ੍ਹਾਂ ਨੂੰ] **ਸਮਝਾਉਣ ਲਈ** ਸੀ। ਉਸ ਨੇ ਉਨ੍ਹਾਂ ਨੂੰ ਆਖਿਆ ਕਿ ਉਸ ਨੇ ਉਸੇ ਤਰ੍ਹਾਂ ਸਿੱਧੇ-ਸਿੱਧੇ ਸ਼ਬਦਾਂ ਵਿੱਚ ਉਨ੍ਹਾਂ ਨੂੰ ਆਖਿਆ ਹੈ ਜਿਵੇਂ ਇੱਕ ਪਿਤਾ ਆਪਣੇ ਬੱਚਿਆਂ ਲਈ ਕਰਦਾ ਹੈ। ਮੁੱਢਲੇ ਤੌਰ 'ਤੇ ਉਸ ਨੇ ਆਖਿਆ ਸੀ, "ਮੈਨੂੰ ਤੁਹਾਨੂੰ ਇਹ ਚੇਤੇ ਕਰਾਉਂਦਿਆਂ ਖੁਸ਼ੀ ਨਹੀਂ ਹੋ ਰਹੀ ਕਿ ਕਿਤੇ-ਕਿਤੇ ਤੁਹਾਡਾ ਵਿਹਾਰ ਬੜਾ ਹੀ ਅਪਮਾਨਜਨਕ ਰਿਹਾ ਹੈ, ਪਰ ਤੋਬਾ ਵੱਲ ਵਧਣ ਦਾ ਪਹਿਲਾ ਕਦਮ ਸ਼ਰਮਨਾਕ ਵਿਹਾਰ ਨੂੰ ਸਿਆਣਨਾ ਹੈ। ਤੁਹਾਨੂੰ ਸਿਖਾਉਣਾ ਵਿੱਚ ਮੇਰਾ ਉਦੇਸ਼ ਇਹ ਹੈ ਕਿ ਤੁਸੀਂ ਅਜਿਹੀਆਂ ਆਦਤਾਂ ਅਤੇ ਸੋਚ ਤੋਂ ਮੁੜੋ ਜਿਹੜੀਆਂ ਪਰਮੇਸ਼ੁਰ ਦਾ ਨਿਰਾਦਰ ਕਰਦੀਆਂ ਹਨ ਅਤੇ ਕਲੀਸਿਆ ਦੀ ਬਦਨਾਮੀ ਦਾ ਕਾਰਣ ਹਨ। ਤੁਹਾਨੂੰ ਪਹਿਲਾਂ ਜਿੰਨਾ ਹੀ ਪ੍ਰੇਮ ਕਰਦਿਆਂ ਮੇਰਾ ਮਕਸਦ ਤੁਹਾਨੂੰ ਸਿਰਫ ਲੱਜਿਆਵਾਨ ਕਰਨਾ ਨਹੀਂ ਸੀ।"

**ਆਇਤ 15.** ਕੁਰਿੰਥੁਸ ਦੀ ਕਲੀਸਿਆ ਵਿੱਚ ਅਜਿਹਾ ਕੋਈ ਉਪਦੇਸ਼ਕ ਨਹੀਂ ਸੀ ਜੋ

ਪੌਲੁਸ ਦੀ ਬਰਾਬਰੀ ਕਰ ਸਕੇ। ਹੋਰਨਾਂ ਨੇ ਭਾਵੇਂ ਪਰਿਪੱਕਤਾ ਅਤੇ ਵਾਧਾ ਲਿਆਉਣ ਵਿੱਚ ਉਨ੍ਹਾਂ ਦੀ ਮਦਦ ਕੀਤੀ ਹੋਵੇ, ਪਰ ਪੌਲੁਸ ਦੇ ਨਾਲ ਉਨ੍ਹਾਂ ਦਾ ਅਜਿਹਾ ਸੰਬੰਧ ਸੀ ਜਿਹੜਾ ਕਿਸੇ ਹੋਰ ਨਾਲ ਨਹੀਂ ਸੀ। ਜਿਨ੍ਹਾਂ ਕੁਝ ਲੋਕਾਂ ਦਾ ਪ੍ਰਭਾਵ ਕਲੀਸਿਆ ਵਿੱਚ ਹੈ ਸੀ ਉਹ ਆਪਣੇ ਦਿਲੋਂ ਮਸੀਹੀਆਂ ਦੀ ਭਲਿਆਈ ਨਹੀਂ ਚਾਹੁੰਦੇ ਸਨ। ਇੱਥੋਂ ਤੱਕ ਕਿ ਜਿਹੜੇ ਲੋਕ ਵਚਨ ਦੀ ਸਿੱਖਿਆ ਦਿੰਦੇ ਸਨ, ਇਹ ਵੀ ਪੌਲੁਸ ਦੀ ਤੁਲਨਾ ਵਿੱਚ ਸਿਰਫ ਸਰਪ੍ਰਸਤ, ਰਾਖੇ ਜਾਂ ਮਾਰਗ ਦਰਸ਼ਕ ਹੀ ਸਨ। ਭਾਵੇਂ ਇਨ੍ਹਾਂ ਭਾਈਆਂ ਦੇ **ਮਸੀਹ ਵਿੱਚ ਦਸ ਹਜ਼ਾਰ ਉਸਤਾਦ** ਕਿਉਂ ਨਾ ਰਹੇ ਹੋਣ, **ਪਰ ਪਿਉ ਬਹੁਤੇ ਨਹੀਂ** ਸਨ। ਪੌਲੁਸ ਨਿਹਚਾ ਵਿੱਚ ਉਨ੍ਹਾਂ ਦਾ ਪਿਤਾ ਸੀ। ਜਿਸ ਸ਼ਬਦ ਦਾ ਅਨੁਵਾਦ "ਉਸਤਾਦ" (παιδαγωγός, *ਪਾਈਡਾਗੋਗੋਸ* ਤੋਂ) ਕੀਤਾ ਗਿਆ ਹੈ ਉਹੀ ਹੈ ਜਿਸ ਦੀ ਵਰਤੋਂ ਪੌਲੁਸ ਨੇ ਗਲਾਤੀਆਂ 3:24, 25 ਵਿੱਚ ਕੀਤੀ ਹੈ, ਜਿੱਥੇ ਉਸ ਨੇ ਕਿਹਾ ਕਿ ਸ਼ਰਾ ਲੋਕਾਂ ਨੂੰ ਮਸੀਹ ਦੇ ਕੋਲ ਲਿਆਉਣ ਲਈ ਇਕ "ਨਿਗਾਹਬਾਨ" ਜਾਂ ਸਰਪ੍ਰਸਤ ਸੀ। ਗਲਾਤੀਆਂ ਵਿੱਚ ਦੋ ਵਾਰੀ ਇਸਤੇਮਾਲ ਹੋਣ ਤੋਂ ਇਲਾਵਾ ਇਹ ਸ਼ਬਦ ਨਵੇਂ ਨੇਮ ਵਿੱਚ ਬਸ ਇੱਥੇ ਹੀ ਇਸਤੇਮਾਲ ਹੋਇਆ ਹੈ।

ਜਿਨ੍ਹੇ ਲੋਕਾਂ ਨੇ ਕੁਰਿੰਥੁਸ ਦੇ ਵਿਸ਼ਵਾਸੀਆਂ ਨੂੰ ਸਿੱਖਿਆ ਦਿੱਤੀ ਸੀ ਉਨ੍ਹਾਂ ਦੀ ਪੂਰੇ ਸਨਮਾਨ ਨਾਲ ਸੁਣੀ ਜਾਣੀ ਚਾਹੀਦੀ ਸੀ, ਪਰ ਪੌਲੁਸ ਦਾ ਸੰਬੰਧ ਉਨ੍ਹਾਂ ਦੇ ਨਾਲ ਬਿਲਕੁਲ ਵੱਖਰਾ ਸੀ। ਉਹੀ ਸੀ ਜਿਸ ਨੇ ਉਨ੍ਹਾਂ ਦਾ ਆਤਮਕ ਜਨਮ ਕਰਾਇਆ ਸੀ। ਉਨ੍ਹਾਂ ਦਾ ਧਿਆਨ ਆਪਣੇ ਵੱਲ ਖਿੱਚਣ ਲਈ ਉਸ ਦਾ ਤਰਕ ਇਹ ਸੀ ਕਿ ਸਭ ਤੋਂ ਪਹਿਲਾਂ ਉਨ੍ਹਾਂ ਨੂੰ ਮਸੀਹ ਬਾਰੇ ਉਸੇ ਨੇ ਦੱਸਿਆ ਸੀ। ਉਨ੍ਹਾਂ ਦੇ ਲਈ ਉਸ ਦੀ ਚਿੰਤਾ ਉਵੇਂ ਹੀ ਸੀ ਜਿਵੇਂ ਇੱਕ ਪਿਤਾ ਦੀ ਆਪਣੀ ਸੰਤਾਨ ਲਈ ਹੁੰਦੀ ਹੈ। ਤਾਂ ਵੀ ਉਸ ਨੇ ਕਦੇ ਵੀ ਆਪਣੇ ਇਖਤਿਆਰ ਨੂੰ ਉਨ੍ਹਾਂ ਉੱਤੇ ਥੋਪਿਆ ਨਹੀਂ ਸੀ। ਉਸ ਨੇ ਇਹ ਨਹੀਂ ਆਖਿਆ ਸੀ, "ਲਾਜ਼ਮੀ ਹੈ ਕਿ ਤੁਸੀਂ ਮੇਰੀ ਆਗਿਆਕਾਰੀ ਕਰੋ। ਮੈਂ ਜੋ ਵੀ ਆਖਾਂ ਉਸ ਦੀ ਮੈਨੂੰ ਸਫਾਈ ਦੇਣ ਦੀ ਲੋੜ ਨਹੀਂ ਹੈ; ਅਧਿਕਾਰੀ ਮੈਂ ਹਾਂ।" ਸਗੋਂ ਪੌਲੁਸ ਉਨ੍ਹਾਂ ਦਾ ਸਤਿਕਾਰ ਚਾਹੁੰਦਾ ਸੀ। ਕਿਉਂ ਜੋ ਪੌਲੁਸ ਉਨ੍ਹਾਂ ਦਾ ਆਤਮਕ ਪਿਤਾ ਸੀ, ਇਸ ਕਰਕੇ ਉਨ੍ਹਾਂ ਨੂੰ ਘੱਟੋ-ਘੱਟ ਪ੍ਰਭੂ ਵੱਲੋਂ ਉਸ ਦੇ ਸਪੁਰਦ ਕੀਤੀ ਗਈ ਮੁਖਤਿਆਰੀ ਦਾ ਸਤਿਕਾਰ ਕਰਨ ਦੀ ਲੋੜ ਸੀ।

ਇੱਕ ਪਿਤਾ ਵਜੋਂ ਪੌਲੁਸ ਦੀ ਉਨ੍ਹਾਂ ਅੱਗੇ ਬੇਨਤੀ ਇੱਕ ਯਾਦਗਾਰੀ ਹੈ ਕਿ ਮਸੀਹੀਆਂ ਅਤੇ ਉਨ੍ਹਾਂ ਦੇ ਆਤਮਕ ਆਗੂਆਂ ਵਿਚਕਰਾਲੇ ਸੰਬੰਧ ਨੂੰ ਕਦੇ ਵੀ ਇਕੱਲੀ ਆਗਿਆਕਾਰੀ ਨਾਲ ਨਹੀਂ ਮਿਣਿਆ ਜਾ ਸਕਦਾ। ਥੱਸਲੁਨੀਕੀਆਂ ਦੇ ਲਈ ਰਸੂਲ ਪੌਲੁਸ ਨੇ ਲਿਖਿਆ ਸੀ, "ਹੁਣ ਹੇ ਭਰਾਵੋ, ਅਸੀਂ ਤੁਹਾਡੇ ਅੱਗੇ ਬੇਨਤੀ ਕਰਦੇ ਹਾਂ ਭਈ ਜਿਹੜੇ ਤੁਹਾਡੇ ਵਿੱਚ ਮਿਹਨਤ ਕਰਦੇ . . . ਤੁਸੀਂ ਉਨ੍ਹਾਂ ਨੂੰ ਮੰਨੋ ਅਤੇ ਓਹਨਾਂ ਦੇ ਕੰਮ ਦੀ ਖਾਤਰ ਓਹਨਾਂ ਦਾ ਬਹੁਤਾ ਹੀ ਆਦਰ ਕਰੋ" (1 ਥੱਸਲੁਨੀਕੀਆਂ 5:12, 13)। ਇਹ ਸ਼ਬਦ ਬਜ਼ੁਰਗਾਂ, ਪ੍ਰਚਾਰਕਾਂ, ਅਤੇ ਉਨ੍ਹਾਂ ਸਭਨਾਂ ਲਈ ਲਾਗੂ ਹੁੰਦੇ ਹਨ ਜਿਨ੍ਹਾਂ ਨੇ ਪਰਮੇਸ਼ੁਰ ਦੇ ਰਾਜ ਦੀ ਉਸਾਰੀ ਲਈ ਆਪਣੇ ਜੀਵਨ ਸਮਰਪਿਤ ਕੀਤੇ ਹੋਏ ਹਨ। ਕਲੀਸਿਆ ਵਿੱਚ ਬਜ਼ੁਰਗ ਬੋਰਡ ਆਫ ਡਾਇਰੇਕਟਰ ਨਹੀਂ ਹਨ; ਇਹ ਤਾਂ ਅੱਯਾਲੀ ਹਨ ਜਿਹੜੇ ਝੁੰਡ ਦੀ ਚਰਵਾਹੀ ਕਰਦੇ ਹਨ ਅਤੇ ਪ੍ਰੇਮ ਸਦਕਾ ਸੇਵਾ ਕਰਦੇ ਹਨ।

**ਆਇਤ 16.** ਜਦ ਪੌਲੁਸ ਨੇ ਕੁਰਿੰਥੁਸ ਦੀ ਕਲੀਸਿਆ ਨੂੰ ਲਿਖਿਆ, ਉਸ ਵੇਲੇ ਨਵੇਂ ਨੇਮ ਦੀ ਉਸਾਰੀ ਅਜੇ ਜਾਰੀ ਸੀ; ਇਸ ਲਈ ਪਰਮੇਸ਼ੁਰ ਦੀ ਇੱਛਾ ਅਨੁਸਾਰ ਸਿਖਾਉਣ ਵਾਲੇ ਉਪਦੇਸ਼ਕਾਂ ਦਾ ਮਹੱਤਵ ਅੱਜ ਨਾਲੋਂ ਉਸ ਵੇਲੇ ਵਧੇਰੇ ਸੀ। ਰਸੂਲ ਪੌਲੁਸ ਨੇ ਆਪਣੇ

ਆਪ ਨੂੰ ਇੱਕ ਨਮੂਨੇ ਵਜੋਂ ਪੇਸ਼ ਕੀਤਾ ਜਿਸ ਨੇ ਨਾ ਸਿਰਫ ਖੁਸ਼ ਖਬਰੀ ਦਾ ਪ੍ਰਚਾਰ ਕੀਤਾ ਸਗੋਂ ਉਸ ਦੇ ਅਨੁਸਾਰ ਜੀਵਨ ਵੀ ਬਤੀਤ ਕੀਤਾ (ਵੇਖੋ 11:1; ਫ਼ਿਲਿੱਪੀਆਂ 3:17)। ਉਹ ਚਾਹੁੰਦਾ ਸੀ ਕਿ ਇਹ "ਪਿਆਰੇ" ਭਾਈ (4:14) ਉਸ ਵਿਹਾਰ ਨੂੰ ਚੇਤੇ ਰੱਖਣ ਜਿਸ ਦੇ ਨਾਲ ਉਸ ਨੇ ਉਨ੍ਹਾਂ ਵਿੱਚ ਸੇਵਾ ਕੀਤੀ ਸੀ। ਕਿਉਂ ਜੋ ਉਹ ਹਮੇਸ਼ਾ ਤੋਂ ਉਨ੍ਹਾਂ ਨੂੰ ਆਪਣੀ ਸੰਤਾਨ ਵਾਂਗ ਪ੍ਰੇਮ ਕਰਦਾ ਸੀ ਅਤੇ ਉਨ੍ਹਾਂ ਅੱਗੇ ਮਸੀਹ ਦਾ ਨਮੂਨਾ ਪੇਸ਼ ਕੀਤਾ ਸੀ (**ਸੋ**), ਉਸ ਨੇ ਉਨ੍ਹਾਂ ਨੂੰ ਉਤਸ਼ਾਹਿਤ ਕੀਤਾ, **ਮੇਰੀ ਰੀਸ ਕਰੋ।** ਡੋਨਲਡ ਏ. ਕਾਰਸਨ ਨੇ ਪੌਲੁਸ ਦੀ ਚੁਣੌਤੀ ਦਾ ਸਾਰ ਪੇਸ਼ ਕਰਦਿਆਂ ਆਖਿਆ: "ਮਸੀਹੀ ਨਿਹਚਾ ਵਿੱਚ ਕਿਸੇ ਨੂੰ ਚੇਲਾ ਬਣਾਉਣ ਦੇ ਸਾਰੀ ਪ੍ਰਕਿਰਿਆ ਦੇ ਕੇਂਦਰ ਵਿੱਚ ਆਪਣੇ ਸਿੱਖਿਆਰਥੀ ਦੇ ਸਾਹਮਣੇ ਇੱਕ ਆਦਰਸ਼ ਵਜੋਂ ਸੇਵਾ ਕਰਨ ਦਾ ਆਤਮ-ਅਨੁਸ਼ਾਸਨ ਹੈ।"[8] ਰਸੂਲ ਪੌਲੁਸ ਨੇ ਆਪਣੇ ਪੱਤਰਾਂ ਵਿੱਚ ਲਗਾਤਾਰ ਦਰਸਾਇਆ ਕਿ ਉਹ ਇੱਕ ਖਰਾ ਵਿਅਕਤੀ ਸੀ (1 ਥੱਸਲੁਨੀਕੀਆਂ 2:1-12)। ਉਸ ਨੇ ਆਪਣਿਆਂ ਸ਼ਬਦਾਂ ਦੇ ਨਾਲ-ਨਾਲ ਆਪਣੇ ਚਰਿੱਤਰ ਤੋਂ ਵੀ ਸਿੱਖਿਆ ਦਿੱਤੀ।

ਜਿਹੜੇ ਲੋਕ ਖੁਸ਼ ਖਬਰੀ ਨੂੰ ਸੁਣਦੇ ਹਨ ਉਨ੍ਹਾਂ ਦਾ ਇਹ ਪੂਰਾ ਇਖਤਿਆਰ ਹੈ ਕਿ ਉਹ ਆਪਣੇ ਉਪਦੇਸ਼ਕਾਂ ਨੂੰ ਖੁਸ਼ ਖਬਰੀ ਦੇ ਅਨੁਸਾਰ ਇੱਕ ਆਦਰਸ਼ ਵਜੋਂ ਜੀਵਨ ਬਤੀਤ ਕਰਦਿਆਂ ਵੀ ਵੇਖਣ। ਤਦ ਕਲੀਸਿਆ ਨੂੰ ਹੋਏ ਨੁਕਸਾਨ ਨੂੰ ਪੂਰਿਆ ਨਹੀਂ ਕੀਤਾ ਜਾ ਸਕਦਾ ਜਦ ਆਗੂ ਆਖਦੇ ਹਨ, "ਜੋ ਮੈਂ ਆਖਾਂ ਉਹ ਕਰੋ, ਉਹ ਨਹੀਂ ਜੋ ਮੈਂ ਕਰਾਂ।" ਜਿਹੜਾ ਬਜ਼ੁਰਗ ਜਾਂ ਪ੍ਰਚਾਰਕ ਕਿਸੇ ਤਰ੍ਹਾਂ ਦੀ ਨਿਸ਼ਚਿਤਤਾ ਨਾਲ ਇਹ ਨਹੀਂ ਆਖ ਸਕਦਾ, "ਮੇਰੀ ਰੀਸ ਕਰੋ," ਉਸ ਨੂੰ ਆਪਣੇ ਆਗੂ ਦੇ ਪਦ ਨੂੰ ਛੱਡ ਦੇਣਾ ਚਾਹੀਦਾ ਹੈ। ਪੌਲੁਸ ਇਸ ਸੱਚਾਈ ਨੂੰ ਸਿਆਣ ਗਿਆ ਸੀ ਅਤੇ ਉਸ ਨੇ ਇਸ ਜ਼ਿੰਮੇਵਾਰੀ ਨੂੰ ਕਬੂਲ ਕੀਤਾ।

**ਆਇਤ 17.** ਆਪਣੀ ਗੈਰਹਾਜ਼ਰੀ ਵਿੱਚ ਆਪਣੀਆਂ ਸਿੱਖਿਆਵਾਂ ਦੀ ਯਾਦਗਾਰੀ ਦੇ ਲਈ ਪੌਲੁਸ ਤਿਮੋਥਿਉਸ ਨੂੰ ਕੁਰਿੰਥੁਸ ਵਿੱਚ ਘੱਲ ਰਿਹਾ ਸੀ। ਕਿਉਂ ਜੋ ਇਸ ਪੱਤਰ ਦੇ ਨਮਸਕਾਰ ਵਿੱਚ ਤਿਮੋਥਿਉਸ ਦਾ ਜ਼ਿਕਰ ਨਹੀਂ ਸੀ, ਇਸ ਕਰਕੇ ਇਸ ਦੀ ਸੰਭਾਵਨਾ ਬਹੁਤ ਘੱਟ ਹੈ ਕਿ ਉਹ ਪੌਲੁਸ ਦੇ ਨਾਲ ਸੀ। ਪੌਲੁਸ ਨੇ ਇਰਸਤੁਸ ਨੂੰ ਮਕਦੂਨਿਯਾ ਦੇ ਰਸਤੇ ਕੁਰਿੰਥੁਸ ਘੱਲਿਆ ਸੀ (ਰਸੂਲਾਂ ਦੇ ਕਰਤੱਬ 19:22); ਪਰ ਯਾਤਰਾ ਦੇ ਹਾਲਾਤਾਂ ਦੀ ਅਨਿਸ਼ਚਿਤਤਾ ਦੇ ਕਾਰਣ ਪੌਲੁਸ ਉਸ ਦੇ ਪੁੱਜਣ ਦੇ ਸਮੇਂ ਬਾਰੇ ਨਿਸ਼ਚਿਤ ਨਹੀਂ ਸੀ, ਜਾਂ ਫਿਰ ਇਸ ਬਾਰੇ ਕਿ ਉਹ ਉੱਥੇ ਪੁੱਜ ਵੀ ਸਕੇਗਾ ਜਾਂ ਨਹੀਂ। ਪੌਲੁਸ ਨੇ ਲਿਖਿਆ, **ਇਸ ਕਰਕੇ ਮੈਂ ਤਿਮੋਥਿਉਸ ਨੂੰ ਤੁਹਾਡੇ ਕੋਲ ਘੱਲਿਆ**; ਪਰ ਅਸਲ ਵਿੱਚ ਉਹ ਸੁਨਿਸ਼ਚਿਤ ਨਹੀਂ ਸੀ ਕਿ ਤਿਮੋਥਿਉਸ ਆਪਣੀ ਯਾਤਰਾ ਵਿੱਚ ਹੈ ਵੀ ਸੀ ਜਾਂ ਨਹੀਂ। ਇਹ ਗੱਲ 1 ਕੁਰਿੰਥੀਆਂ 16:10 ਵਿੱਚ ਤਿਮੋਥਿਉਸ ਦੇ ਨਾਮ ਦੇ ਦੁਬਾਰਾ ਦਿਸਣ ਨਾਲ ਸਪੱਸ਼ਟ ਹੋ ਜਾਂਦੀ ਹੈ। ਪੌਲੁਸ ਨੂੰ ਇਹ ਉਮੀਦ ਨਹੀਂ ਸੀ ਕਿ ਕੁਰਿੰਥੁਸ ਵਿੱਚ ਇਸ ਪੱਤਰ ਦੇ ਪੁੱਜਣ ਤੋਂ ਪਹਿਲਾਂ ਤਿਮੋਥਿਉਸ ਉੱਥੇ ਪੁੱਜੇਗਾ ਜਾਂ ਨਹੀਂ। ਉਸ ਨੇ ਸਿਆਣ ਲਿਆ ਸੀ ਕਿ ਕਿਸੇ ਸਥਾਨਕ ਹਾਲਾਤ ਦੇ ਵਿਗੜਣ ਦੇ ਕਾਰਨ ਤਿਮੋਥਿਉਸ ਨੂੰ ਕੁਰਿੰਥੁਸ ਵਿੱਚ ਆਪਣੇ ਮਿਸ਼ਨ ਨੂੰ ਰੱਦ ਕਰਨਾ ਪੈ ਸਕਦਾ ਸੀ। ਜੇਕਰ ਅਤੇ ਜਦ ਤਿਮੋਥਿਉਸ ਉੱਥੇ ਪੁੱਜ ਜਾਂਦਾ ਤਾਂ ਪੌਲੁਸ ਸਿਰਫ ਉਮੀਦ ਕਰ ਸਕਦਾ ਸੀ ਕਿ ਉਸ ਨੇ ਆਪਣੇ ਨੌਜਵਾਨ ਸਾਥੀ ਨੂੰ ਐਨੀ ਸਿਖਲਾਈ ਦੇ ਦਿੱਤੀ ਸੀ ਕਿ ਉਹ ਪ੍ਰਭਾਵਸ਼ਾਲੀ ਹੋ ਸਕੇ। ਤਿਮੋਥਿਉਸ ਜਾਣਦਾ ਸੀ ਕਿ ਪੌਲੁਸ ਸਭਨਾਂ ਕਲੀਸਿਆਵਾਂ ਵਿੱਚ ਸਿੱਖਿਆ ਦਿੰਦੀ ਸੀ। ਉਹ ਇਨ੍ਹਾਂ ਮਸੀਹੀਆਂ ਦੇ ਲਈ ਲੋੜੀਂਦਾ ਪ੍ਰੇਰਿਤ ਅਤੇ ਰਸੂਲੀ ਮਾਰਗ ਦਰਸ਼ਣ ਦਿੰਦਾ ਸੀ। ਪੌਲੁਸ ਨੇ ਆਖਿਆ ਕਿ ਤਿਮੋਥਿਉਸ **ਮੇਰੇ**

**ਵਰਤਾਵੇ ਜੋ ਮਸੀਹ ਵਿੱਚ ਹਨ ਤੁਹਾਨੂੰ ਚੇਤੇ ਕਰਾਵੇਗਾ ਜਿਸ ਤਰਾਂ ਮੈਂ ਸਭਨੀਂ ਥਾਈਂ ਹਰੇਕ ਕਲੀਸਿਆ ਵਿੱਚ ਉਪਦੇਸ਼ ਕਰਦਾ ਹਾਂ।**

ਤਿਮੋਥਿਉਸ ਉਸ ਵੇਲੇ ਤੱਕ ਪੌਲੁਸ ਕੋਲ ਮੁੜ ਆਇਆ ਸੀ ਜਦ ਉਸ ਨੇ 2 ਕੁਰਿੰਥੀਆਂ ਲਿਖਿਆ ਸੀ, ਅਤੇ ਉਸ ਪੱਤਰ ਦੇ ਨਮਸਕਾਰ ਵਿੱਚ ਉਸ ਨੇ ਉਸ ਦਾ ਨਾਮ ਲਿਖ ਦਿੱਤਾ। ਕੁਰਿੰਥੁਸ ਦੇ ਮਸੀਹੀਆਂ ਦੀ ਮਦਦ ਕਰਨ ਲਈ ਤਿਮੋਥਿਉਸ ਇੱਕ ਸੁਭਾਵਕ ਚੋਣ ਪ੍ਰਤੀਤ ਹੋ ਰਿਹਾ ਸੀ ਕਿਉਂਕਿ ਨਗਰ ਵਿੱਚ ਅਰੰਭਕ ਕੰਮ ਵੇਲੇ ਉਹ ਪੌਲੁਸ ਅਤੇ ਸੀਲਾਸ ਦੇ ਨਾਲ ਰਿਹਾ ਸੀ (ਰਸੂਲਾਂ ਦੇ ਕਰਤੱਬ 18:5; 2 ਕੁਰਿੰਥੀਆਂ 1:19)। ਪੌਲੁਸ ਦੇ ਪੱਤਰਾਂ ਤੋਂ ਪਾਠਕ ਇਹ ਅੰਦਾਜ਼ਾ ਨਹੀਂ ਲਗਾ ਸਕਦਾ ਕਿ ਤਿਮੋਥਿਉਸ ਕੁਰਿੰਥੁਸ ਵਿੱਚ ਵਾਪਸ ਆ ਗਿਆ ਸੀ ਜਾਂ ਨਹੀਂ; ਜੇਕਰ ਉਹ ਆ ਗਿਆ ਸੀ ਤਾਂ ਸੰਭਵ ਹੈ ਕਿ ਉੱਥੇ ਉਸ ਨੂੰ ਪੂਰੀ ਸਫਲਤਾ ਨਹੀਂ ਮਿਲੀ ਸੀ। ਪੌਲੁਸ ਦੇ ਪੱਤਰਾਂ ਵਿੱਚ ਉਸ ਬਾਰੇ ਆਖੀਆਂ ਗਈਆਂ ਗੱਲਾਂ ਸੁਝਾਉ ਦਿੰਦੀਆਂ ਹਨ ਕਿ ਉਹ ਐਨੀ ਸ਼ਰਮਾਉਂਦਾ ਸੀ ਕਿ ਆਪਣਾ ਕੰਮ ਦਿਲੇਰੀ ਨਾਲ ਨਹੀਂ ਕਰ ਸਕਦਾ ਸੀ (ਵੇਖੋ 1 ਤਿਮੋਥਿਉਸ 4:12-14; 2 ਤਿਮੋਥਿਉਸ 1:6, 7)। ਹੋ ਸਕਦਾ ਹੈ ਕਿ ਕਲੀਸਿਆ ਵਿਚਲੀ ਉਥਲ-ਪੁਥਲ ਲਈ ਉਸ ਦਾ ਸੁਭਾਉ ਢੁਕਵਾਂ ਨਹੀਂ ਸੀ। 2 ਕੁਰਿੰਥੀਆਂ ਵਿੱਚ ਅਸੀਂ ਵੇਖਦੇ ਹਾਂ ਕਿ ਨਗਰ ਦੀ ਕਲੀਸਿਆ ਬਾਰੇ ਤਿਮੋਥਿਉਸ ਦੀ ਥਾਂ ਤੀਤੁਸ ਪੌਲੁਸ ਕੋਲ ਖਬਰ ਲੈ ਕੇ ਆਇਆ ਸੀ (2 ਕੁਰਿੰਥੀਆਂ 1:1, 2; 7:6, 7)। ਅਜਿਹਾ ਜਾਪਦਾ ਹੈ ਕਿ ਤੀਤੁਸ ਉੱਥੇ ਦੇ ਹਾਲਾਤ ਨੂੰ ਸੁਧਾਰਨ ਵਿੱਚ ਵਧੇਰੇ ਸਫਲ ਰਿਹਾ ਸੀ; ਤਿਮੋਥਿਉਸ ਦੀ ਸਫਲਤਾ ਅਨਿਸ਼ਚਿਤ ਸੀ।

**ਆਇਤ 18.** ਕੁਰਿੰਥੁਸ ਵਿਚਲੇ **ਕਈ . . . ਫੁੱਲਦੇ ਹਨ** ਅਤੇ ਇਸ ਗੱਲ ਨੂੰ ਰੱਦਦੇ ਸਨ ਕਿ ਉਹ ਸਰੀਰਕ ਰੂਪ ਵਿੱਚ ਪੌਲੁਸ ਨੂੰ ਫਿਰ ਕਦੇ ਵੇਖਣਗੇ। ਉਨ੍ਹਾਂ ਨੇ ਸ਼ਾਇਦ ਇਹ ਮੰਨ ਲਿਆ ਸੀ ਕਿ ਪੌਲੁਸ ਹੋਰਨਾਂ ਘੁਮੱਕੜ ਫਿਲਾਸਫਰਾਂ ਵਰਗਾ ਸੀ – ਅਰਥਾਤ ਭਈ ਉਹ ਇਹ ਆਖ ਰਿਹਾ ਸੀ ਕਿ ਉਨ੍ਹਾਂ ਕੋਲੋਂ ਜੋ ਪ੍ਰਾਪਤ ਹੋ ਸਕਦਾ ਸੀ ਉਸ ਨੂੰ ਪ੍ਰਾਪਤ ਕਰਕੇ ਮੈਂ ਵਾਪਿਸ **ਨਹੀਂ ਆਵਾਂਗਾ**। ਪਰ ਪੌਲੁਸ ਨੇ ਆਪਣੇ ਆਪ ਨੂੰ ਸਪੱਸ਼ਟ ਕਰ ਦਿੱਤਾ। ਉਸ ਦੀ ਭਲਿਆਈ ਅਤੇ ਜੀਵਨ ਉਨ੍ਹਾਂ ਦੇ ਨਾਲ ਬਹੁਤ ਨੇੜਤਾ ਨਾਲ ਜੁੜਿਆ ਹੋਇਆ ਸੀ ਜਿਹੜੇ ਉਸ ਦੀ ਨਿਹਚਾ ਵਿੱਚ ਸਾਂਝੀ ਸਨ। ਹੋਰਨਾਂ ਪ੍ਰਸਿੱਧ ਫਿਲਾਸਫਰਾਂ ਦੇ ਉਲਟ ਪੌਲੁਸ ਆਪਣੇ ਕੰਮ ਨੂੰ ਤਦ ਤੱਕ ਵਿਅਰਥ ਸਮਝਦਾ ਸੀ ਜਦ ਤੱਕ ਉਹ ਚੇਲਿਆਂ ਦਾ ਅਜਿਹਾ ਸਮਾਜ ਤਿਆਰ ਨਹੀਂ ਕਰ ਦਿੰਦਾ ਸੀ ਜਿਹੜਾ ਮਸੀਹ ਦੇ ਪ੍ਰਤੀ ਸਮਰਪਿਤ ਹੁੰਦੇ ਸਨ। ਉਨ੍ਹਾਂ ਨੂੰ ਖੁਸ਼ ਖਬਰੀ ਦਾ ਪ੍ਰਚਾਰ ਕਰਨ ਮਗਰੋਂ ਉਸ ਨੇ ਸੰਕਲਪ ਕੀਤਾ ਹੋਇਆ ਸੀ ਕਿ ਉਹ ਉਨ੍ਹਾਂ ਨੂੰ ਅਜਿਹੇ ਮਨੁੱਖ ਬਣਨਾ ਸਿਖਾਵੇਗਾ ਜਿਹੜੇ ਪ੍ਰਭੂ ਦੇ ਨਿਰਦੇਸ਼ਾਂ ਅਨੁਸਾਰ ਜੀਵਨ ਬਤੀਤ ਕਰਦੇ ਹਨ।

**ਆਇਤ 19.** ਜਿਹੜੇ ਲੋਕ ਆਪਣੀ ਦੁਨਿਆਵੀ ਬੁੱਧ ਦੇ ਹੰਕਾਰ ਦਰਸਾਉਂਦੇ ਸਨ ਉਹ ਪੌਲੁਸ ਦੀ ਗੈਰਹਾਜ਼ਰੀ ਬਾਰੇ ਗਲਤ ਧਾਰਨਾ ਧਾਰੀ ਬੈਠੇ ਸਨ। ਪੌਲੁਸ ਨੇ ਉਨ੍ਹਾਂ ਨੂੰ ਨਿਸ਼ਚਿਤ ਕੀਤਾ ਸੀ ਕਿ **ਮੈਂ ਤੁਹਾਡੇ ਕੋਲ ਛੇਤੀ ਆਵਾਂਗਾ**। ਉਸ ਦੀ ਇੱਕੋ ਚਿੰਤਾ ਇਹ ਸੀ ਕਿ ਉਸ ਦੀ ਇਹ ਯਾਤਰਾ ਪ੍ਰਭੂ ਦੀ ਇੱਛਾ ਦੇ ਅਨੁਸਾਰ ਹੋਵੇ (ਵੇਖੋ ਰਸੂਲਾਂ ਦੇ ਕਰਤੱਬ 18:21; ਯਾਕੂਬ 4:15)। ਅਜਿਹਾ ਜਾਪਦਾ ਹੈ ਕਿ ਉਹ ਨਗਰ ਵਿੱਚ ਥੋੜ੍ਹੇ ਚਿਰ ਲਈ ਆਇਆ ਸੀ ਜਿਸ ਦਾ ਜ਼ਿਕਰ ਰਸੂਲਾਂ ਦੇ ਕਰਤੱਬ ਵਿੱਚ ਨਹੀਂ ਕੀਤਾ ਗਿਆ ਹੈ। ਹੋ ਸਕਦਾ ਹੈ ਕਿ ਉਹ “ਕਲੋਏ ਦੇ ਘਰ ਦਿਆਂ” (1:11) ਦੇ ਵਪਾਰੀ ਜਹਾਜ਼ ਰਾਹੀ ਦੋ ਦਿਨ ਲਈ ਨਗਰ

ਵਿੱਚ ਆਇਆ ਹੋਵੇਗਾ, ਜਿਸ ਦੀ ਯਾਤਰਾ ਇੱਕ ਟਾਪੂ ਤੋਂ ਦੂਜੇ ਟਾਪੂ ਤੱਕ ਜਾਂਦਿਆਂ ਅਖੀਰ ਵਿੱਚ ਕੁਰਿੰਥੁਸ ਵਿੱਚ ਪੂਰੀ ਹੋਈ ਸੀ। ਪੌਲੁਸ ਦੀ ਯਾਤਰਾ ਉਹੋ ਜਿਹੀ ਨਹੀਂ ਹੋਈ ਸੀ ਜਿਹੋ ਜਿਹੀ ਉਸ ਨੇ ਉਮੀਦ ਕੀਤੀ ਸੀ। ਅਜਿਹਾ ਜਾਪਦਾ ਹੈ ਕਿ ਉਸ ਦੇ ਵੈਰੀਆਂ ਨੇ ਉਸ ਉੱਤੇ ਬਿਨਾ ਕਿਸੇ ਦਯਾ ਦੇ ਹਮਲਾ ਕਰ ਦਿੱਤਾ ਸੀ ਅਤੇ ਉਸ ਦੇ ਮਿੱਤਰ ਚੁੱਪਚਾਪ ਖੜੇ ਸਨ (ਵੇਖੋ 2 ਕੁਰਿੰਥੀਆਂ 12:21)।

ਇਹ ਸਮਝਣਾ ਔਖਾ ਹੈ ਕਿ ਜਦ ਪੌਲੁਸ ਨੇ ਇਹ ਆਖਿਆ ਤਾਂ ਉਸ ਦੇ ਕਹਿਣ ਦਾ ਭਾਵ ਕੀ ਸੀ ਕਿ ਮੈਂ **ਫੁੱਲਿਆਂ ਹੋਇਆਂ ਦੇ ਬਚਨ ਨੂੰ ਨਹੀਂ ਸਗੋਂ ਓਹਨਾਂ ਦੀ ਸਮਰੱਥਾ ਨੂੰ ਜਾਣ ਲਵਾਂਗਾ।** ਇਹ ਸਪੱਸ਼ਟ ਨਹੀਂ ਹੈ ਕਿ ਪੌਲੁਸ ਇਸ "ਸਮਰੱਥਾ" ਨੂੰ ਕਿਸ ਤਰ੍ਹਾਂ ਪਰਗਟ ਹੁੰਦਿਆਂ ਵੇਖਣ ਦੀ ਉਮੀਦ ਕਰ ਰਿਹਾ ਸੀ। ਕੀ ਉਹ ਕਿਸੇ ਤਰ੍ਹਾਂ ਦੀ ਚਮਤਕਾਰੀ ਸ਼ਕਤੀ ਦਾ ਮੁਕਾਬਲਾ ਕਰਨ ਬਾਰੇ ਸੋਚ ਰਿਹਾ ਸੀ (ਵੇਖੋ 13:2)? ਉਹ ਨਿਸ਼ਚਿਤ ਤੌਰ 'ਤੇ ਵਿਸ਼ਵਾਸ ਕਰਦਾ ਸੀ ਕਿ ਉਸ ਦੇ ਵਿਰੋਧੀਆਂ ਦੇ ਕੋਲ ਅਜਿਹੀ ਸਮਰੱਥਾ ਨਹੀਂ ਸੀ ਜਿਹੜੀ ਉਸ ਨੂੰ ਪਵਿੱਤਰ ਆਤਮਾ ਦੇ ਰਾਹੀਂ ਮਿਲੀ ਹੋਈ ਸੀ। ਕੀ ਉਹ ਆਪਣੇ ਵਿਰੋਧੀਆਂ ਨੂੰ ਉਵੇਂ ਅੰਨ੍ਹਾਂ ਕਰਨ ਜਾ ਰਿਹਾ ਸੀ ਜਿਵੇਂ ਉਸ ਨੇ ਕੁਪਰੁਸ ਟਾਪੂ ਵਿੱਚ ਇਲਮਾਸ ਨੂੰ ਕੀਤਾ ਸੀ (ਰਸੂਲਾਂ ਦੇ ਕਰਤੱਬ 13:11), ਜਾਂ ਫਿਰ ਕੀ ਉਹ ਮਸੀਹ ਦੇ ਵਚਨ ਦੀ ਸ਼ਕਤੀ ਦੀ ਗੱਲ ਕਰ ਰਿਹਾ ਸੀ? ਕੀ ਉਹ ਉਨ੍ਹਾਂ ਨੂੰ ਗਲਤ ਪ੍ਰਮਾਣਿਤ ਕਰਕੇ ਸ਼ਰਮਿੰਦਾ ਕਰੇਗਾ? ਸ਼ਾਇਦ ਉਸ ਦੇ ਕਹਿਣ ਦਾ ਭਾਵ ਇਹ ਸੀ ਕਿ ਉਨ੍ਹਾਂ ਦੇ ਚਰਿੱਤਰ ਅਤੇ ਉਨ੍ਹਾਂ ਦੇ ਸ਼ਬਦਾਂ ਵਿਚਲਾ ਬੇਮੇਲ ਉਨ੍ਹਾਂ ਦੀ ਸ਼ਕਤੀ ਦੀ ਘਾਟ ਨੂੰ ਪਰਗਟ ਕਰ ਦੇਵੇਗਾ।

**ਆਇਤ 20.** ਇਸ ਸਮਰੱਥਾ ਬਾਰੇ ਪੌਲੁਸ ਜੋ ਵੀ ਆਖ ਰਿਹਾ ਸੀ, ਉਸ ਦਾ ਸੰਬੰਧ **ਪਰਮੇਸ਼ੁਰ ਦੇ ਰਾਜ** ਨਾਲ ਸੀ। ਪਰਮੇਸ਼ੁਰ ਦਾ ਰਾਜ ਯਿਸੂ ਦੀ ਸਿੱਖਿਆ ਤੋਂ ਕਦੇ ਦੂਰ ਨਹੀਂ ਸੀ: ਦ੍ਰਿਸ਼ਟਾਂਤਾਂ ਦਾ ਵਿਸ਼ਾ ਇਹ ਸੀ (ਮਰਕੁਸ 4:26, 30) ਅਤੇ ਤੋਬਾ ਦੀ ਪ੍ਰੇਰਣਾ ਵੀ ਇਹੋ ਸੀ (ਮੱਤੀ 3:2; ਮਰਕੁਸ 4:17)। ਰਸੂਲਾਂ ਦੇ ਕਰਤੱਬ ਅਤੇ ਪੱਤਰੀਆਂ ਵਿੱਚ ਇਹ ਸਪੱਸ਼ਟ ਹੈ ਕਿ ਨਬੂਵਤ ਕੀਤਾ ਗਿਆ ਪਰਮੇਸ਼ੁਰ ਦਾ ਰਾਜ ਆ ਚੁੱਕਾ ਸੀ (ਕੁਲੁੱਸੀਆਂ 1:13)। ਇਹ ਉਹ ਕਲੀਸਿਆ ਸੀ ਜਿਸ ਦੀ ਉਸਾਰੀ ਕਰਨ ਦੀ ਪ੍ਰਤਿੱਗਿਆ ਯਿਸੂ ਨੇ ਕੀਤੀ ਸੀ (ਮੱਤੀ 16:18)। "ਪਰਮੇਸ਼ੁਰ ਦਾ ਰਾਜ" ਸ਼ਬਦ ਪੱਤਰੀਆਂ ਵਿੱਚ ਓਨੇ ਪ੍ਰਮੁੱਖ ਨਹੀਂ ਹਨ ਜਿੰਨੇ ਇੰਜੀਲ ਦੇ ਵਿਰਤਾਂਤਾਂ ਵਿੱਚ ਹਨ, ਪਰ ਇਸ ਦੀ ਵਰਤੋਂ ਤੋਂ ਅਸੀਂ ਵੇਖ ਸਕਦੇ ਹਾਂ ਕਿ ਇਸ ਦੀ ਥਾਂ "ਕਲੀਸਿਆ" ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਪਰਮੇਸ਼ੁਰ ਦੇ ਰਾਜ ਬਾਰੇ ਸਿੱਖਿਆ ਸਿਰਫ ਸੁਆਰੇ ਸ਼ਬਦਾਂ ਜਾਂ ਬੁੱਧੀਮਾਨੀ ਦੇ ਤਰਕਾਂ ਨਾਲੋਂ ਕਿਤੇ ਵਧ ਕੇ ਹੈ।

**ਸਮਰੱਥਾ** ਬਾਰੇ ਪ੍ਰਸ਼ਨ ਮੂਲਪਾਠ ਵਿੱਚ ਜਾਰੀ ਰਹਿੰਦਾ ਹੈ। ਮਸੀਹ ਦੇ ਕੋਲ ਜੀਵਨ ਬਦਲਣ ਦੀ ਸਮਰੱਥਾ ਹੈ, ਪਰ ਕੀ ਪੌਲੁਸ ਦੇ ਕਹਿਣ ਦਾ ਭਾਵ ਇਹੋ ਸੀ? ਸ਼ਾਇਦ ਉਹ "ਪਰਮੇਸ਼ੁਰ ਦਾ ਰਾਜ" ਸ਼ਬਦਾਂ ਦੀ ਵਰਤੋਂ ਇੱਕ ਰੂਪਕ ਵਜੋਂ ਯਿਸੂ ਮਸੀਹ ਦੀ ਸ਼ਕਤੀ ਜਾਂ ਪਵਿੱਤਰ ਆਤਮਾ ਦੀ ਸ਼ਕਤੀ ਦੇ ਲਈ ਕੀਤਾ ਹੋਵੇਗਾ। ਇਹ ਸਮਰੱਥਾ ਭਾਵੇਂ ਕੁਝ ਵੀ ਹੋਵੇ, ਪੌਲੁਸ ਦੀ ਯੋਜਨਾ ਇਸ ਨੂੰ ਇਸਤੇਮਾਲ ਕਰਨ ਦੀ ਸੀ।

**ਆਇਤ 21.** ਲਿਓਨ ਮੋਰਿਸ ਦੇ ਅਨੁਸਾਰ "ਸਵਾਲ ਇਹ ਨਹੀਂ ਸੀ ਕਿ ਪੌਲੁਸ ਆਵੇਗਾ ਜਾਂ ਨਹੀਂ, ਸਗੋਂ ਇਹ ਸੀ ਕਿ ਉਹ ਕਿਵੇਂ ਆਵੇਗਾ।"[9] ਪੌਲੁਸ ਨੇ ਜਿਸ ਆਤਮਾ ਨਾਲ ਕੁਰਿੰਥੁਸ ਵਿੱਚ ਵਾਪਿਸ ਆਉਣਾ ਸੀ, ਉਹ ਇਸ ਗੱਲ 'ਤੇ ਨਿਰਭਰ ਸੀ ਕਿ ਕਲੀਸਿਆ ਮਸੀਹ ਦੀ ਸਿੱਖਿਆ ਦੀ ਪਾਲਣਾ ਕਿੰਨੀ ਕੁ ਕਰ ਰਹੀ ਸੀ। ਰਸੂਲ ਪੌਲੁਸ ਚਾਹੁੰਦਾ ਸੀ ਉਹ

ਉਨ੍ਹਾਂ ਦੇ ਕੋਲ **ਪ੍ਰੇਮ ਅਤੇ ਨਰਮਾਈ ਦੇ ਆਤਮਾ ਨਾਲ** ਆਵੇ; ਪਰ ਜੇਕਰ ਉਸ ਨੂੰ **ਸੋਟਾ ਫੜ ਕੇ** ਸਖਤ ਚਿਤਾਉਣੀ ਦੇ ਨਾਲ ਵੀ ਆਉਣਾ ਪਿਆ ਤਾਂ ਉਹ ਉਸ ਦੇ ਲਈ ਵੀ ਤਿਆਰ ਸੀ। ਪੌਲੁਸ ਇਹ ਆਖਦਾ ਪ੍ਰਤੀਤ ਹੋ ਰਿਹਾ ਸੀ ਕਿ ਉਸ ਦੇ ਤਰਕ ਐਨੇ ਜ਼ੋਰਦਾਰ ਹੋਣਗੇ ਕਿ ਉਸ ਦੇ ਵਿਰੋਧੀਆਂ ਦੇ ਮੂੰਹ ਬੰਦ ਹੋ ਜਾਣਗੇ।

# ਪ੍ਰਾਸੰਗਿਕਤਾ

**ਮੁਖਤਿਆਰੀ**

ਰਸੂਲੀ ਪਦ ਇੱਕ ਤਰ੍ਹਾਂ ਦੀ ਮੁਖਤਿਆਰੀ ਸੀ, ਜਿਸ ਨੂੰ ਆਪ ਮਸੀਹ ਵੱਲੋਂ ਸਪੁਰਦ ਕੀਤਾ ਗਿਆ ਸੀ। ਰਸੂਲ ਦਾ ਪਦ ਯਿਸੂ ਦੀ ਮੌਤ ਤੋਂ ਤੁਰੰਤ ਬਾਅਦ ਦੇ ਦਹਾਕਿਆਂ ਤੱਕ ਹੀ ਸੀਮਿਤ ਸੀ, ਜਦਕਿ ਮੁਖਤਿਆਰੀ ਹਰੇਕ ਉਸ ਮਸੀਹੀ ਦੇ ਸਪੁਰਦ ਕੀਤੀ ਜਾਂਦੀ ਹੈ ਜਿਹੜਾ ਮਸੀਹ ਦਾ ਇਕਰਾਰ ਅਤੇ ਉਸ ਦੀ ਆਗਿਆਕਾਰੀ ਕਰਦਾ ਹੈ। ਮੁਖਤਿਆਰੀ ਕੋਈ ਪਦ ਨਹੀਂ ਸੀ, ਇਹ ਤਾਂ ਇੱਕ ਜ਼ਿੰਮੇਵਾਰੀ ਸੀ ਜਿਸ ਤੋਂ ਪੌਲੁਸ ਦੇ ਸਮੇਂ ਦੇ ਲੋਕ ਜਾਣੂ ਸਨ। ਜਿਸ ਯੂਨਾਨੀ ਸ਼ਬਦ ਦਾ ਅਨੁਵਾਦ "ਮੁਖਤਿਆਰ" (οἰκονόμος, *ਓਇਕੋਨੋਮੋਸ*) ਕੀਤਾ ਗਿਆ ਹੈ, ਉਹ ਨਵੇਂ ਨੇਮ ਵਿੱਚ ਦਸ ਵਾਰੀ ਇਸਤੇਮਾਲ ਹੋਇਆ ਹੈ। ਇਸ ਦਾ ਸਧਾਰਨ ਅਰਥ ਲੂਕਾ 12:42 ਵਿੱਚ ਸਪੱਸ਼ਟ ਹੈ ਜਿੱਥੇ ਯਿਸੂ ਨੇ ਆਖਿਆ, "ਉਹ ਮਾਤਬਰ ਅਤੇ ਬੁੱਧਵਾਨ ਮੁਖਤਿਆਰ ਕੌਣ ਹੈ ਜਿਹ ਨੂੰ ਮਾਲਕ ਆਪਣੇ ਨੌਕਰਾਂ ਚਾਕਰਾਂ ਉੱਤੇ ਠਹਿਰਾਵੇ ਭਈ ਵੇਲੇ ਸਿਰ ਉਨ੍ਹਾਂ ਨੂੰ ਰਸਤ ਦੇਵੇ?" ਯਿਸੂ ਵੱਲੋਂ ਦਿੱਤਾ ਗਿਆ ਨਿਮਕਹਰਾਮ ਮੁਖਤਿਆਰ ਦਾ ਦ੍ਰਿਸ਼ਟਾਂਤ ਲੂਕਾ 16:1-12 ਵਿੱਚ ਦਰਜ ਹੈ। ਗਲਾਤੀਆਂ 4:2 ਵਿੱਚ NASB ਨੇ ਇਸ ਸ਼ਬਦ ਦਾ ਅਨੁਵਾਦ "ਪ੍ਰਬੰਧਕ" ਕੀਤਾ ਹੈ।

ਬਹੁਤੀਆਂ ਜ਼ਮੀਨਾਂ ਦੇ ਮਾਲਕ ਆਪਣੀ ਸੰਪਤੀ ਦੀ ਦੇਖਭਾਲ ਲਈ ਮੁਖਤਿਆਰਾਂ ਨੂੰ ਰੱਖਦੇ ਹੁੰਦੇ ਸਨ। ਮੁਖਤਿਆਰਾਂ ਦੀ ਆਪਣੀ ਕੋਈ ਸੰਪਤੀ ਨਹੀਂ ਹੁੰਦੀ ਸੀ। ਉਨ੍ਹਾਂ ਦੀ ਜ਼ਿੰਮੇਵਾਰੀ ਇਹ ਸੀ ਕਿ ਜਿਹੜੀ ਸੰਪਤੀ ਉਨ੍ਹਾਂ ਦੇ ਸਪੁਰਦ ਕੀਤੀ ਗਈ ਹੈ ਉਸ ਦੀ ਦੇਖਭਾਲ ਕਰਨ। ਪੌਲੁਸ ਦੀ ਰਸੂਲੀ ਮੁਖਤਿਆਰੀ ਇੱਕ ਖਾਸ ਤਰ੍ਹਾਂ ਦੀ ਸੀ, ਪਰ ਨਵਾਂ ਨੇਮ "ਮੁਖਤਿਆਰ" ਸ਼ਬਦ ਦੀ ਵਰਤੋਂ ਮਸੀਹੀਆਂ ਦੀ ਜ਼ਿੰਮੇਵਾਰੀਆਂ ਦੀ ਆਮ ਤਸਵੀਰ ਨੂੰ ਪੇਸ਼ ਕਰਨ ਲਈ ਕਰਦੀ ਹੈ। ਉਦਾਹਰਣ ਵਜੋਂ, ਬਜ਼ੁਰਗ ਉਹ ਮੁਖਤਿਆਰ ਹਨ ਜਿਨ੍ਹਾਂ ਨੂੰ ਮਸੀਹ ਦੀ ਕਲੀਸਿਆ ਦੀ ਆਤਮਕ ਦੇਖਰੇਖ ਦੀ ਜ਼ਿੰਮੇਵਾਰੀ ਸਪੁਰਦ ਕੀਤੀ ਗਈ ਹੈ (ਤੀਤੁਸ 1:7)। ਵਿਸ਼ਵਾਸੀਆਂ ਨੂੰ ਸਿੱਖਿਆ ਦੇਣ, ਚਿਤਾਉਣ ਅਤੇ ਸੁਰਗ ਦੇ ਰਾਹ ਉੱਤੇ ਅਗਵਾਈ ਕਰਨ ਦੀ ਇੱਕ ਜ਼ਿੰਮੇਵਾਰੀ ਹੁੰਦੀ ਹੈ। ਜਿਸ ਮਸੀਹ ਨੇ ਕਲੀਸਿਆ ਨੂੰ ਆਪਣਾ ਲਹੂ ਦੇ ਕੇ ਖਰੀਦਿਆ ਹੈ, ਸਿਰਫ ਉਹੀ ਇਸ ਯੋਗ ਹੈ ਕਿ ਇਸ ਦੇ ਪ੍ਰਬੰਧ ਨੂੰ ਠਹਿਰਾਵੇ, ਇਸ ਦੀ ਅਰਾਧਨਾ ਪੱਧਤੀ ਨੂੰ ਨਿਰਧਾਰਿਤ ਕਰੇ, ਅਤੇ ਇਸ ਦੇ ਮਿਸ਼ਨ ਦਾ ਐਲਾਨ ਕਰੇ। ਜਦ ਤੱਕ ਉਹ ਵਾਪਿਸ ਨਹੀਂ ਆਉਂਦਾ, ਤਦ ਤੱਕ ਬਜ਼ੁਰਗਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਕਲੀਸਿਆ ਦੀ ਅਗਵਾਈ ਉਸ ਤਰ੍ਹਾਂ ਕਰਨ ਜਿਸ ਤਰ੍ਹਾਂ ਉਸ ਨੇ ਕੀਤੀ ਸੀ, ਅਰਥਾਤ ਇਹ ਉਸ ਦੇ ਮੁਖਤਿਆਰ ਹਨ।

ਸਿਰਫ ਬਜ਼ੁਰਗ ਹੀ ਨਹੀਂ ਹਨ ਜਿਹੜੇ ਮੁਖਤਿਆਰ ਦੀ ਭੂਮਿਕਾ ਨਿਭਾਉਂਦੇ ਹਨ। ਹਾਲਾਂਕਿ ਸਭਨਾਂ ਮਸੀਹੀਆਂ ਦੀ ਭੂਮਿਕਾ ਉਵੇਂ ਨਹੀਂ ਹੈ ਜਿਵੇਂ ਰਸੂਲਾਂ ਜਾਂ ਬਜ਼ੁਰਗਾਂ ਦੀ

ਹੁੰਦੀ ਹੈ, ਫਿਰ ਵੀ ਜਿਨ੍ਹਾਂ ਮਸੀਹੀਆਂ ਨੂੰ ਕੁਝ ਵਰਦਾਨ ਅਤੇ ਯੋਗਤਾਵਾਂ ਸਪੁਰਦ ਕੀਤੀਆਂ ਗਈਆਂ ਹਨ ਉਨ੍ਹਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਇਸ ਦੀ ਵਰਤੋਂ ਪਰਮੇਸ਼ੁਰ ਦੇ ਰਾਜ ਲਈ ਕਰਨ (1 ਪਤਰਸ 4:10)। ਕੋਈ ਵੀ ਵਿਅਕਤੀ ਮੁਖਤਿਆਰੀ ਨੂੰ ਸਵੀਕਾਰ ਕੀਤੇ ਬਿਨਾ ਮਸੀਹ ਵਿੱਚ ਆਸ ਨਹੀਂ ਰੱਖ ਸਕਦਾ। ਪਤਰਸ ਨੇ ਇੱਕ ਦੂਜੇ ਨੂੰ ਪ੍ਰੇਮ ਕਰਨ, ਪ੍ਰਾਹੁਣਚਾਰੀ ਕਰਨ, ਪਰਮੇਸ਼ੁਰ ਦਾ ਵਚਨ ਬੋਲਣ, ਅਤੇ ਸੇਵਾ ਕਰਨ ਵਰਗੀਆਂ ਯੋਗਤਾਵਾਂ ਦੀ ਗੱਲ ਕੀਤੀ। ਹੋਰ ਵੀ ਸਧਾਰਨ ਕੰਮ ਹਨ ਜਿਹੜਾ ਇਸ ਸੂਚੀ ਵਿੱਚ ਸ਼ਾਮਲ ਕੀਤੇ ਜਾ ਸਕਦੇ ਹਨ: ਐਤਵਾਰ ਦੀ ਸਭਾ ਲਈ ਕਿਸੇ ਮਿੱਤਰ ਨੂੰ ਸੱਦਾ ਦੇਣਾ, ਕਿਸੇ ਰੋਗੀ ਮਿੱਤਰ ਦੀ ਮਦਦ ਕਰਨਾ, ਕਿਸੇ ਲੋੜਵੰਦ ਲਈ ਭੋਜਨ ਤਿਆਰ ਕਰਨਾ, ਕਿਸੇ ਸੰਘਰਸ਼ ਕਰ ਰਹੇ ਮਸੀਹੀ ਨੂੰ ਹੌਸਲਾ ਦੇਣਾ ਵੀ ਸੇਵਾ ਦੇ ਵੱਖਰੇ-ਵੱਖਰੇ ਰੂਪ ਹਨ। ਪਰਮੇਸ਼ੁਰ ਨੇ ਆਪਣੇ ਲੋਕਾਂ ਨੂੰ ਵੱਖਰੀਆਂ-ਵੱਖਰੀਆਂ ਯੋਗਤਾਵਾਂ ਸਪੁਰਦ ਕੀਤੀਆਂ ਹਨ। ਪੌਲੁਸ ਨੇ ਲਿਖਿਆ, "ਫੇਰ ਇੱਥੇ ਮੁਖਤਿਆਰਾਂ ਵਿੱਚ ਇਹ ਚਾਹੀਦਾ ਹੈ ਜੋ ਓਹ ਮਾਤਬਰ ਹੋਣ" (1 ਕੁਰਿੰਥੀਆਂ 4:2)।

### ਪ੍ਰਚਾਰਕ ਅਤੇ ਪ੍ਰਚਾਰ

ਅਜਿਹਾ ਜਾਪਦਾ ਹੈ ਕਿ ਮਸੀਹ ਦੀ ਕਲੀਸਿਆ ਦਾ ਉਨ੍ਹਾਂ ਦੇ ਨਾਲ, ਜਿਹੜੇ ਸਿੱਖਿਆ ਦਿੰਦੇ ਹਨ ਅਤੇ ਮੈਂਬਰਾਂ ਦੀ ਅਗਵਾਈ ਕਰਦੇ ਹਨ, ਅਨਿਸ਼ਚਿਤ ਅਤੇ ਪਰੇਸ਼ਾਨੀ ਭਰਿਆ ਸੰਬੰਧ ਰਹਿੰਦਾ ਹੈ। ਚੁਣੇ ਹੋਏ ਵਿਅਕਤੀਆਂ ਦੀ ਜ਼ਿੰਮੇਵਾਰੀ ਹੈ ਕਿ ਉਹ ਸੇਵਾ ਕਰਨ, ਸਿੱਖਿਆ ਦੇਣ, ਅਤੇ ਯਿਸੂ ਅਤੇ ਰਸੂਲਾਂ ਵੱਲੋਂ ਸਿਖਾਏ ਗਏ ਜੀਵਨ ਦਾ ਨਮੂਨਾ ਪੇਸ਼ ਕਰਨ; ਪਰ ਉਹ ਇਹ ਸੇਵਾ ਮਿੱਟੀ ਦਿਆਂ ਪਾਤਰਾਂ ਵਿੱਚ ਰਹਿੰਦਿਆਂ, ਆਪਣੀਆਂ ਨਿਰਬਲਤਾਈਆਂ ਨਾਲ ਸੰਘਰਸ਼ ਕਰਦਿਆਂ ਕਰਦੇ ਹਨ। ਅਜਿਹਾ ਸੰਭਵ ਹੈ ਕਿ ਮਸੀਹੀ ਲੋਕ ਸੇਵਾ ਕਰਨ ਵਾਲਿਆਂ ਦੇ ਪ੍ਰਤੀ ਅੱਤ ਉੱਚੀ ਜਾਂ ਅੱਤ ਨੀਵੀਂ ਸੋਚ ਰੱਖਣ। ਉਨ੍ਹਾਂ ਕੋਲ ਇਹ ਉਮੀਦ ਕਰਨ ਦਾ ਪੂਰਾ ਇਖਤਿਆਰ ਹੈ ਕਿ ਵਚਨ ਦੀ ਸਿੱਖਿਆ ਦੇਣ ਵਾਲੇ ਲੋਕ ਆਪਣੇ ਸੁਨੇਹੇ ਨੂੰ ਪੂਰੀ ਗੰਭੀਰਤਾ ਨਾਲ ਆਪਣੇ ਜੀਵਨ ਵਿੱਚ ਲੈਣ; ਪਰ ਜਦ ਉਹ ਸਮਝ ਅਤੇ ਮਾਫੀ ਦੀ ਕਿਰਪਾ ਪ੍ਰਦਰਸ਼ਿਤ ਕਰਨ ਵਿੱਚ ਵਿਫਲ ਹੋ ਜਾਂਦੇ ਹਨ ਤਾਂ ਉਹ ਅਜਿਹੀ ਸਿੱਧਤਾ ਦੀ ਮੰਗ ਕਰਦੇ ਹਨ ਜਿਹੜੀ ਕੋਈ ਮਨੁੱਖ ਪ੍ਰਾਪਤ ਨਹੀਂ ਕਰ ਸਕਦਾ।

ਮਸੀਹੀਆਂ ਨੂੰ ਪ੍ਰਚਾਰਕਾਂ ਦੀ ਇੱਕ ਦੂਜੇ ਨਾਲ ਤੁਲਨਾ ਕਰਨ, ਭਿੰਨਤਾ ਕਰਨ ਅਤੇ ਇੱਕ ਦੂਜੇ ਤੋਂ ਬਿਹਤਰ ਸਮਝਣ ਤੋਂ ਬਚਣਾ ਚਾਹੀਦਾ ਹੈ ਭਈ ਪ੍ਰਭੂ ਦੀ ਸੇਵਾ ਕਰਨਾ ਕੋਈ ਮੈਰਾਥੋਨ ਦੌੜ੍ਹਣ ਜਾਂ ਕਿਸੇ ਦਫਤਰ ਵਿੱਚ ਤਰੱਕੀ ਪ੍ਰਾਪਤ ਕਰਨ ਲਈ ਮੁਕਾਬਲਾ ਕਰਨਾ ਹੋਵੇ। ਪੌਲੁਸ ਅਤੇ ਅਪੁੱਲੋਸ ਦੇ ਸਾਹਮਣੇ ਕੁਰਿੰਥੁਸ ਵਿੱਚ ਇਹ ਹਾਲਾਤ ਆਏ ਸਨ। ਪੌਲੁਸ ਨੇ ਉਸ ਮੁਕਾਬਲਾ ਭਰੇ ਵਿਹਾਰ ਨੂੰ ਗਲਤ ਠਹਿਰਾਇਆ ਜਿਹੜਾ ਕਲੀਸਿਆ ਉਸ ਦੇ ਅਤੇ ਅਪੁੱਲੋਸ ਦੇ ਵਿਚਾਲੇ ਸੋਚ ਰਹੀ ਸੀ। ਉਸ ਨੇ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਉਹ "ਇੱਕ ਦਾ ਪੱਖ ਕਰ ਕੇ ਦੂਏ ਦੇ ਵਿਰੁੱਧ ਫੁੱਲ" ਜਾਣ (4:6)। ਦੋਵੇਂ ਆਪਣੇ-ਆਪਣੇ ਤਰੀਕੇ ਨਾਲ, ਆਪਣੀਆਂ-ਆਪਣੀਆਂ ਯੋਗਤਾਵਾਂ ਦੇ ਨਾਲ ਸੇਵਾ ਕਰ ਰਹੇ ਸਨ। ਸੰਭਵ ਹੈ ਕਿ ਕੋਈ ਇੱਕ ਦੂਜੇ ਨਾਲੋਂ ਵਧੇਰੇ ਗਿਆਨੀ ਹੋਵੇ; ਅਤੇ ਕੋਈ ਇੱਕ ਦੂਜੇ ਨਾਲੋਂ ਵਧੇਰੇ ਪ੍ਰਭਾਵਸ਼ਾਲੀ ਜਾਂ ਬੋਲਣ ਵਿੱਚ ਸੁਆਰਾ ਹੋਵੇ। ਹਰੇਕ ਮੈਂਬਰ ਨੇ ਉਹ ਦੇਣਾ ਸੀ ਜੋ ਉਸ ਦੇ ਕੋਲ ਸੀ।

ਹੋਇਆ ਇਹ ਸੀ ਕਿ ਕੁਝ ਵਿਸ਼ਵਾਸੀਆਂ ਨੇ ਅਪੁੱਲੋਸ ਦੇ ਸੁਆਰੇ ਬੋਲਣ ਦੀ ਯੋਗਤਾ ਨੂੰ ਪੌਲੁਸ ਦੀ ਇਸ ਯੋਗਤਾਂ ਜਾਂ ਫਿਰ ਘਾਟ ਨਾਲੋਂ ਬਿਹਤਰ ਆਖਿਆ ਸੀ। ਉਨ੍ਹਾਂ ਨੇ ਦਲਬੰਦੀ

ਕਰ ਲਈ ਸੀ ਅਤੇ ਆਪਣੇ-ਆਪਣੇ ਮਨਪਸੰਦ ਵਿਅਕਤੀਆਂ ਨੂੰ ਆਪਣੇ ਆਗੂ ਮੰਨ ਲਿਆ ਸੀ। ਹਰੇਕ ਸੰਦੇਸ਼ ਇੱਕ ਮੁਕਾਬਲਾ ਬਣ ਜਾਂਦਾ ਹੈ, ਜਿਵੇਂ ਕਿ ਅੱਜ ਕੁਝ ਕਲੀਸਿਆਵਾਂ ਵਿੱਚ ਹੁੰਦਾ ਹੈ। ਸਭ ਤੋਂ ਵਧੇਰੇ ਮਨੋਰੰਜਨ ਕੌਣ ਕਰਦਾ ਹੈ? ਕਿਸ ਦੀਆਂ ਕਹਾਣੀਆਂ ਵਧੇਰੇ ਸੁਆਰੀਆਂ ਹਨ? ਪ੍ਰਚਾਰਕ ਬੜੇ ਹੀ ਔਖੇ ਹਾਲਾਤ ਵਿੱਚ ਫਸ ਜਾਂਦਾ ਹੈ। ਜੇਕਰ ਉਹ ਆਪਣੀ ਪੱਧਤੀ ਉੱਤੇ ਗੌਰ ਨਾ ਕਰੇ ਤਾਂ ਉਸ ਨੂੰ ਉਬਾਊ ਅਤੇ ਪ੍ਰੇਰਣਾਹੀਣ ਐਲਾਨ ਕਰ ਦਿੱਤਾ ਜਾਂਦਾ ਹੈ। ਜੇਕਰ ਉਹ ਸੰਦੇਸ਼ ਦੇ ਮਨੋਰੰਜਨ ਵੱਲ ਵਧੇਰੇ ਧਿਆਨ ਦੇ ਦਿੰਦਾ ਹੈ ਤਾਂ ਹੋ ਸਕਦਾ ਹੈ ਕਿ ਉਹ ਸੰਦੇਸ਼ ਅਤੇ ਮਸੀਹ ਦੇ ਸਿਧਾਂਤਾਂ ਦੇ ਪ੍ਰਤੀ ਵਫ਼ਾਦਾਰੀ ਦੇ ਮਹੱਤਵ ਨੂੰ ਅਣਦੇਖਾ ਕਰ ਦਵੇ।

ਉੱਨੀਵੀਂ ਸਦੀ ਦੇ ਆਖਰੀ ਹਿੱਸੇ ਵਿੱਚ ਥੌਮਸ ਹਾਰਡੀ ਨੇ *ਦਿ ਮੇਯਰ ਆਫ ਕਾਸਟਰਬ੍ਰਿਜ* ਲਿਖਿਆ। ਇਸ ਨਾਵਲ ਵਿੱਚ ਉਸ ਨੇ ਇੱਕ ਅਜਿਹੇ ਦ੍ਰਿਸ਼ ਨੂੰ ਪੇਸ਼ ਕੀਤਾ ਜਿਸ ਵਿੱਚ ਨਗਰ ਦੇ ਲੋਕ ਐਤਵਾਰ ਦੀ ਦੁਪਹਿਰ ਵੇਲੇ ਬੈਠ ਕੇ ਹਾਸਾ-ਮਖੌਲ ਕਰ ਰਹੇ ਸਨ। ਹਾਰਡੀ ਨੇ ਲਿਖਿਆ,

> ਇਹ ਗੱਲਬਾਤ ਹਫਤੇ ਦੇ ਦੌਰਾਨ ਹੋਣ ਵਾਲੀ ਕੋਈ ਆਮ ਗੱਲਬਾਤ ਨਹੀਂ ਸੀ, ਸਗੋਂ ਇਹ ਤਾਂ ਬਰੀਕੀ ਨਾਲ ਅਤੇ ਉੱਚੀ ਅਵਾਜ਼ ਵਿੱਚ ਕੀਤੀ ਜਾਣ ਵਾਲੀ ਨੁਕਤਾਚੀਨੀ ਸੀ। ਉਹ ਪ੍ਰਚਾਰ ਕੀਤੇ ਗਏ ਸੰਦੇਸ਼ ਬਾਰੇ ਚਰਚਾ ਕਰ ਰਹੇ ਸਨ, ਉਸ ਨੂੰ ਫਰੋਲ ਰਹੇ ਸਨ, ਉਸ ਨੂੰ ਮਾਪ ਰਹੇ ਸਨ, ਕਿ ਇਹ ਆਮ ਸੰਦੇਸ਼ ਨਾਲੋਂ ਉੱਤੇ ਸੀ ਜਾਂ ਘੱਟ ਸੀ – ਆਮਤੌਰ ’ਤੇ ਸੋਚ ਇਹ ਸੀ ਕਿ ਇਹ ਇੱਕ ਅਜਿਹੀ ਵਿਗਿਆਨੀ ਉਪਲਬਧੀ ਸੀ ਜਾਂ ਪ੍ਰਦਰਸ਼ਨ ਸੀ ਜਿਸ ਦਾ ਉਨ੍ਹਾਂ ਦੇ ਆਪਣੇ ਜੀਵਨ ਨਾਲ ਕੋਈ ਸੰਬੰਧ ਨਹੀਂ ਸੀ, ਸਿਰਫ ਐਨਾ ਕੁ ਜਿੰਨਾ ਆਲੋਚਕਾਂ ਅਤੇ ਆਲੋਚਨਾ ਸਹਿ ਰਹੇ ਵਿਅਕਤੀ ਵਿਚਕਾਰ ਹੁੰਦਾ ਹੈ।[10]

ਅੱਜ ਦੇ ਪ੍ਰਚਾਰਕ ਉਹ ਤਜਰਬਾ ਕਰ ਰਹੇ ਹਨ ਜਿਸ ਦਾ ਜ਼ਿਕਰ ਹਾਰਡੀ ਨੇ ਕੀਤਾ ਹੈ। ਜੇਮਸ ਮੋਂਟਗੋਮੇਰੀ ਬੋਇਸ ਨੇ ਹਾਲ ਹੀ ਦੇ ਵਰ੍ਹਿਆਂ ਦੇ ਦੌਰਾਨ ਪ੍ਰਚਾਰ ਦੇ ਸੰਬੰਧ ਵਿੱਚ ਹੋਣ ਵਾਲੀ ਉਸ ਦੀ ਆਪਣੀ ਨਿੱਜੀ ਪਰੇਸ਼ਾਨੀ ਬਾਰੇ ਲਿਖਿਆ:

> ਅੱਜ ਲੋਕ ਚਾਹੁੰਦੇ ਹਨ ਕਿ ਕਲੀਸਿਆਵਾਂ ਉਨ੍ਹਾਂ ਦਾ ਮਨੋਰੰਜਨ ਕਰਨ ਅਤੇ ਮਨੋਰੰਜਨ ਕਰਨ ਵਾਲੀਆਂ ਕਲੀਸਿਆਵਾਂ ਸਭ ਤੋਂ ਵਧ ਸਫਲ ਹਨ। ਲੋਕ ਕਲੀਸਿਆ ਵਿੱਚ ਇਸ ਕਰਕੇ ਨਹੀਂ ਆਉਂਦੇ ਭਈ ਉਨ੍ਹਾਂ ਦੀ ਮੁਲਾਕਾਤ ਪਰਮੇਸ਼ੁਰ ਨਾਲ ਹੋਵੇ, ਜਾਂ ਉਨ੍ਹਾਂ ਨੂੰ ਸੁਰਗੀ ਤਜਰਬਾ ਪ੍ਰਾਪਤ ਹੋਵੇ, ਜਾਂ ਇਹ ਸਮਝ ਪ੍ਰਾਪਤ ਕਰਨ ਕਿ ਅਰਾਧਨਾ ਕੀ ਹੁੰਦੀ ਹੈ ਜਾਂ ਕਿਵੇਂ ਕੀਤੀ ਜਾਂਦੀ ਹੈ; ਉਹ ਤਾਂ ਇਸ ਕਰਕੇ ਆਉਂਦੇ ਹਨ ਕਿ ਉਨ੍ਹਾਂ ਨੂੰ ਚੰਗਾ ਮਹਿਸੂਸ ਹੋਵੇ, ਜੋ ਇਹ ਕਹਿਣ ਦਾ ਇੱਕ ਹੋਰ ਤਰੀਕਾ ਹੈ ਕਿ ਉਹ ਮਨੋਰੰਜਨ ਲਈ ਆਉਂਦੇ ਹਨ . . .
>
> ਪ੍ਰਚਾਰਕ ਨਾ ਤਾਂ ਬਹੁਤਾ ਲੰਮਾ ਪ੍ਰਚਾਰ ਕਰ ਸਕਦੇ ਹਨ ਅਤੇ ਨਾ ਹੀ ਬਹੁਤੇ ਗੰਭੀਰ ਹੋ ਸਕਦੇ ਹਨ, ਅਤੇ ਨਾ ਹੀ ਉਹ ਥਿਓਲੋਜਿਕਲ ਸ਼ਬਦਾਂ ਦੀ ਵਰਤੋਂ ਕਰ ਸਕਦੇ ਹਨ। ਸੰਦੇਸ਼ਾਂ ਦਾ ਮੁਆਇਨਾ ਨਿੱਜੀ ਲੋੜਾਂ ਦੇ ਅਧਾਰ ’ਤੇ ਕੀਤਾ ਜਾਂਦਾ ਹੈ। ਸਾਨੂੰ ਥੋੜਾ ਮਜਾਕੀਆ ਹੋਣਾ ਪੈਂਦਾ ਹੈ ਅਤੇ ਵਿਅਕਤੀਗਤ ਕਹਾਣੀਆਂ ਸੁਣਾਉਣੀਆਂ ਪੈਂਦੀਆਂ ਹਨ।
>
> ਕਲੀਸਿਆ ਨੂੰ ਭਾਲਣ ਦੀ ਲੋੜ ਹੈ ਕਿ ਪਰਮੇਸ਼ੁਰ ਕੌਣ ਹੈ, ਉਸ ਨੂੰ ਜਾਣਨ ਦੀ ਲੋੜ ਹੈ ਅਤੇ ਉਸ ਨਾਲ ਸੰਗਤੀ ਕਰਨ ਦੀ ਲੋੜ ਹੈ। ਇਸ ਦਾ ਜ਼ਰੀਆ ਸਿਰਫ ਬਾਈਬਲ ਦੀ

ਵਿਆਖਿਆ ਅਤੇ ਸਿੱਖਿਆ ਰਹੀ ਹੈ। ਇਸ ਦਾ ਕੋਈ ਹੋਰ ਛੋਟਾ ਰਾਹ ਨਹੀਂ ਹੈ।[11]

ਪ੍ਰਚਾਰ ਤਾਂ ਕਲੀਸਿਆ ਦੇ ਜੀਵਨ ਦਾ ਇੱਕ ਅਟੁੱਟ ਹਿੱਸਾ ਰਿਹਾ ਹੈ (2 ਤਿਮੋਥਿਉਸ 4:1, 2)। ਸੰਦੇਸ਼ ਸਿਰਫ ਇੱਕ ਭਾਸ਼ਣ ਨਾਲੋਂ ਕਿਤੇ ਵਧ ਕੇ ਹੈ; ਇਹ ਉਸਤਤ ਅਤੇ ਅਰਾਧਨਾ ਵੀ ਹੈ। ਸੰਦੇਸ਼ਾਂ ਦੇ ਜ਼ਰੀਏ ਪ੍ਰਚਾਰਕ ਸਿੱਖਿਆ ਦੇਣ ਅਤੇ ਭਗਤੀਪੂਰਣ ਜੀਵਨ ਜੀਉਣ ਲਈ ਪ੍ਰੇਰਣਾ ਦੇਣ ਦੀਆਂ ਆਪਣੀਆਂ ਯੋਗਤਾਵਾਂ ਦੀ ਵਰਤੋਂ ਕਰਦੇ ਹਨ। ਕਲੀਸਿਆ ਨੂੰ ਉਮੀਦ ਕਰਨੀ ਚਾਹੀਦੀ ਹੈ ਕਿ ਪ੍ਰਚਾਰਕ ਆਪਣੇ ਮਿਸ਼ਨ ਲਈ ਆਪਣਾ ਸਰਬਉੱਤਮ ਦੇਵੇ, ਪਰ ਭਾਈਆਂ ਨੂੰ ਵੀ ਇਹ ਸਿੱਖਣ ਦੀ ਲੋੜ ਹੈ ਕਿ ਹਰੇਕ ਵਿਅਕਤੀ ਦੇ ਕੰਮ ਕਰਨ ਦੀ ਯੋਗਤਾ ਅਨੁਸਾਰ ਉਸ ਨੂੰ ਸਵੀਕਾਰ ਕਰਨ। ਇਸ ਤੋਂ ਕਿਸੇ ਨੂੰ ਕੋਈ ਲਾਭ ਨਹੀਂ ਪੁੱਜਦਾ ਕਿ ਲੋਕ ਪ੍ਰਚਾਰਕਾਂ ਦੀ ਇੱਕ ਦੂਜੇ ਦੇ ਨਾਲ ਤੁਲਨਾ ਕਰਨ ਅਤੇ ਫਿਰ ਆਪਣੇ ਮਨਪਸੰਦ ਪ੍ਰਚਾਰਕ ਨੂੰ ਚੁਣ ਕੇ ਦਲਬੰਦੀਆਂ ਕਰਨ।

## ਨਿਮਰਤਾ ਦਾ ਸੱਦਾ

ਨਿਮਰਤਾ ਇੱਕ ਸ਼ਾਂਤ ਅਤੇ ਗੁਪਤ ਰਹਿਣ ਵਾਲਾ ਗੁਣ ਹੈ। ਇਸ ਦਾ ਵਿਰੋਧੀ, ਹੰਕਾਰ, ਸ਼ਾਇਦ ਹੀ ਕਦੇ ਆਪਣੇ ਆਪ ਨੂੰ ਸਿਆਣਦਾ ਹੈ। ਪੌਲੁਸ ਦੇ ਵਿਰੋਧੀਆਂ ਨੇ ਸ਼ਾਇਦ ਹੀ ਕਦੇ ਆਪਣੇ ਆਪ ਨੂੰ ਉਨ੍ਹਾਂ ਵਿੱਚ ਗਿਣਿਆ ਹੋਵੇਗਾ ਜਿਹੜੇ "ਅਭਮਾਨ" ਕਰਦੇ ਹਨ। ਜ਼ਿਆਦਾਤਰ ਲੋਕ ਨਿਮਰਤਾ ਜਾਂ ਹੰਕਾਰ ਨੂੰ ਦੂਜਿਆਂ ਵਿੱਚ ਹੋਣ ਵਾਲੇ ਗੁਣ ਜਾਂ ਔਗੁਣ ਵਜੋਂ ਸਿਆਣ ਸਕਦੇ ਹਨ; ਉਹ ਇਨ੍ਹਾਂ ਨੂੰ ਆਪਣੇ ਵਿੱਚ ਸਿਆਣਨ ਵਿੱਚ ਘੱਟ ਹੀ ਸਫਲ ਹੁੰਦੇ ਹਨ। ਕੁਰਿੰਥੁਸ ਵਿੱਚ ਪੌਲੁਸ ਦੇ ਆਲੋਚਕਾਂ ਦੇ ਹੰਕਾਰ ਦਾ ਨਤੀਜਾ ਇਹ ਨਿਕਲਿਆ ਕਿ ਉਨ੍ਹਾਂ ਨੇ ਮਸੀਹ ਦੇ ਰਸੂਲ ਤੋਂ ਸੁਣਨ ਅਤੇ ਸਿੱਖਣ ਤੋਂ ਇਨਕਾਰ ਕਰ ਦਿੱਤਾ। ਇਹ ਅਜਿਹਾ ਸੀ ਜਿਵੇਂ ਕਿ ਉਨ੍ਹਾਂ ਨੇ ਇੱਕ ਨੌਜਵਾਨ ਤੋਂ ਸੁਣਨ ਦੀ ਚੋਣ ਕੀਤੀ, ਜਿਸ ਨੂੰ ਲੱਗਦਾ ਸੀ ਕਿ ਉਹ ਪ੍ਰੇਮ ਅਤੇ ਵਿਆਹੁਤਾ ਜੀਵਨ ਬਾਰੇ ਵਧੇਰੇ ਜਾਣਦਾ ਹੈ, ਬਜਾਇ ਇਸ ਦੇ ਕਿ ਉਹ ਉਸ ਦੇ ਦਾਦੇ ਦੀ ਸੁਣਦੇ ਜਿਹੜਾ ਆਪਣੀ ਪਤਨੀ ਨਾਲ ਪੈਂਹਠ ਵਰ੍ਹਿਆਂ ਤੋਂ ਵਿਆਹਿਆ ਹੋਇਆ ਹੈ। ਨਿਮਰਤਾ ਦਾ ਅਰਥ ਹੈ ਉਨ੍ਹਾਂ ਤੋਂ ਸਿੱਖਣ ਦੀ ਚਾਹਤ ਰੱਖਣਾ ਜਿਹੜੇ ਸਾਡੇ ਤੋਂ ਵਧੇਰੇ ਤਜਰਬੇਕਾਰ ਹਨ।

ਹੰਕਾਰ ਮਨ ਦੀ ਉਹ ਸਥਿਤੀ ਹੈ ਜੋ ਕਿਸੇ ਵੀ ਵਿਅਕਤੀ ਦੀਆਂ ਆਪਣੀਆਂ ਚੋਣਾਂ ਜਾਂ ਫੈਸਲਿਆਂ ਉੱਤੇ ਅੱਤ ਵਧੀਕ ਮਹੱਤਵ ਠਹਿਰਾ ਦਿੰਦੀ ਹੈ। ਇਹ ਹੱਦਾਂ ਪਾਰ ਕਰ ਗਿਆ ਆਤਮ-ਵਿਸ਼ਵਾਸ ਹੈ। ਹੰਕਾਰ ਉਸੇ ਅਭਮਾਨ ਦਾ ਵਧਿਆ ਹੋਇਆ ਰੂਪ ਹੈ ਜਿਹੜਾ ਆਦਮ ਅਤੇ ਹੱਵਾਹ ਵਿੱਚ ਸੀ ਜਿਨ੍ਹਾਂ ਨੇ ਪਰਮੇਸ਼ੁਰ ਦੇ ਵਿਰੁੱਧ ਖੜੇ ਹੋ ਕੇ ਆਖਿਆ ਸੀ, "ਸਾਨੂੰ ਪਤਾ ਹੈ ਕਿ ਤੂੰ ਕੀ ਚਾਹੁੰਦਾ ਹੈਂ, ਪਰ ਮੈਂ ਉਹੀ ਕਰਾਂਗਾ ਜੋ ਮੈਂ ਚਾਹੁੰਦਾ ਹਾਂ।" ਇਸ ਦੇ ਉਲਟ ਨਿਮਰਤਾ ਇਹ ਚਾਹਤ ਹੈ ਕਿ ਅਸੀਂ ਆਪਣੇ ਆਪ ਉੱਤੇ ਸਵਾਲ ਚੁੱਕੀਏ ਅਤੇ ਦੂਜਿਆਂ ਨੂੰ ਮਹੱਤਵ ਦੇਈਏ। ਜਿਹੜੇ ਲੋਕ ਮਸੀਹ ਨੂੰ ਪ੍ਰਭੂ ਮੰਨਦੇ ਹਨ ਉਹ ਨਿਮਰਤਾ ਨੂੰ ਇੱਕ ਪ੍ਰਮੁੱਖ ਗੁਣ ਵਜੋਂ ਪ੍ਰਦਰਸ਼ਿਤ ਕਰਦੇ ਹਨ। ਪੰਜਵੀ ਸਦੀ ਵਿੱਚ ਅਗਸਟਿਨ ਨੇ ਸੱਚਾਈ ਪ੍ਰਾਪਤ ਕਰਨ ਦਾ ਇਹ ਤਰੀਕਾ ਪੇਸ਼ ਕੀਤਾ: "ਸਭ ਤੋਂ ਪਹਿਲਾਂ ਤਰੀਕਾ ਹੈ . . . ਨਿਮਰਤਾ; ਦੂਜਾ ਤਰੀਕਾ ਹੈ ਨਿਮਰਤਾ, ਅਤੇ ਤੀਜਾ ਤਰੀਕਾ ਹੈ ਨਿਮਰਤਾ, ਅਤੇ ਤੁਸੀਂ ਜਿੰਨੀ ਵਾਰੀ ਵੀ ਪੁੱਛੋਗੇ, ਓਨੀ ਵਾਰੀ ਹੀ ਮੇਰਾ ਜਵਾਬ ਇਹੋ ਹੋਵੇਗਾ।"[12]

ਨਿਮਰ ਹੋਣ ਦਾ ਅਰਥ ਹੈ ਇਮਾਨਦਾਰੀ ਨਾਲ ਆਪਣੀ ਜਾਂਚ ਕਰਨਾ, ਅਤੇ ਇਹ ਕੋਈ ਛੋਟਾ ਕੰਮ ਨਹੀਂ ਹੈ। ਇਸ ਦੇ ਲਈ ਲੋੜ ਨਹੀਂ ਹੈ ਕਿ ਕੋਈ ਵਿਅਕਤੀ ਆਪਣੇ ਆਪ ਨੂੰ ਨਿਰੰਤਰ ਮਹੱਤਵਹੀਣ ਹੀ ਸਮਝਦਾ ਰਹੇ, ਜਿਵੇਂ ਕਿ *ਡੇਵਿਡ ਕੋਪਰਫੀਲਡ* ਦੇ ਉਰਾਯਾਹ ਹੀਪ ਵਿੱਚ ਦਰਸਾਇਆ ਗਿਆ ਹੈ, ਜਿਹੜਾ ਆਪਣੇ ਆਪ ਨੂੰ "ਸਭ ਤੋਂ ਨਿਮਰ ਵਿਅਕਤੀ" ਮੰਨਦਾ ਹੁੰਦਾ ਸੀ।[13] ਸੱਚੀ ਨਿਮਰਤਾ ਹੈ ਯਿਸੂ ਦੁਆਰਾ ਆਪਣੇ ਚੇਲਿਆਂ ਦੇ ਪੈਰ ਧੋਣਾ। ਇਹ ਪ੍ਰਭੂ ਦੁਆਰਾ ਆਪਣੇ ਹੱਥਾਂ ਵਿੱਚ ਇੱਕ ਬਾਲਕ ਨੂੰ ਚੁੱਕਣਾ ਹੈ। ਇਹ ਪੌਲੁਸ ਨੂੰ, "ਕਤਲ ਹੋਣ ਵਾਲਿਆਂ ਵਰਗੇ ਅਤੇ ਮਨੁੱਖਾਂ ਦੇ ਲਈ ਇੱਕ ਤਮਾਸ਼ਾ" ਬਣਾਏ ਜਾਣਾ ਹੈ (4:9)। ਇਹ ਯਿਰਮਿਯਾਹ ਦਾ ਆਪਣੇ ਨਬੂਵਤੀ ਸੱਦੇ ਬਾਰੇ ਪਰੇਸ਼ਾਨੀ ਅਤੇ ਉਲਝਣ ਵਿੱਚ ਪੈ ਜਾਣ ਤੋਂ ਬਾਅਦ ਵੀ ਪ੍ਰਚਾਰ ਕਰਨ ਲਈ ਆਪਣੇ ਸੰਕਲਪ ਉੱਤੇ ਅਡਿੱਗ ਰਹਿਣਾ ਹੈ। ਇਹ ਅੱਯੂਬ ਦੁਆਰਾ ਕਸ਼ਟ ਅਤੇ ਸਵਾਲਾਂ ਦਾ ਸਾਹਮਣਾ ਕਰਦਿਆਂ ਵੀ ਪਰਮੇਸ਼ੁਰ ਉੱਤੇ ਭਰੋਸਾ ਕਰਦੇ ਰਹਿਣਾ ਹੈ। ਨਿਮਰਤਾ ਦਾ ਅਰਥ ਹੈ ਬਿਨਾ ਕਿਸੇ ਪ੍ਰਸਿੱਧੀ ਦੇ ਸੇਵਾ ਕਰਨਾ, ਭਰੋਸਾ ਰੱਖਣਾ, ਅਤੇ ਦਿੰਦੇ ਰਹਿਣਾ। ਕੁਰਿੰਥੁਸ ਵਿਚਲੇ ਪੌਲੁਸ ਦੇ ਆਲੋਚਕ ਪਰਮੇਸ਼ੁਰ ਦੀ ਅਧੀਨਤਾ ਵਿੱਚ ਆਉਣ ਬਾਰੇ ਆਪਣੇ ਆਪ ਦੇ ਵਿਚਾਰਾਂ ਉੱਤੇ ਵਧੇਰੇ ਜ਼ੋਰ ਦਿੰਦੇ ਸਨ। ਇਸ ਭਗਤੀਹੀਣ ਮਾਨਸਿਕਤਾ ਦੇ ਨਾਲ ਉਨ੍ਹਾਂ ਨੇ ਕਲੀਸਿਆ ਵਿੱਚ ਗੜਬੜੀ ਅਤੇ ਉਲਝਣ ਪੈਦਾ ਕਰ ਦਿੱਤੀ ਸੀ।

---

ਟਿੱਪਣੀਆਂ

[1]ਇਸ ਸ਼ਬਦ ਦੀ ਨਿਰੁਕਤੀ "ਹੇਠਲੇ ਮਲਾਹ" ਨਾਲ ਸੰਬੰਧਤ ਹੈ, ਜੋ ਯੂਨਾਨ ਦੇ "ਟ੍ਰਾਈਰੀਮ" ਨਾਮਕ ਜੰਗੀ ਜਹਾਜ਼ ਦੇ ਸਭ ਤੋਂ ਹੇਠਲੇ ਹਿੱਸੇ ਵਿੱਚੋਂ ਜਹਾਜ਼ ਦੀ ਮਲਾਹੀ ਕਰਦਾ ਸੀ; ਪਰ ਫਿਰ ਵੀ, ਇਸ ਗੱਲ ਵਿੱਚ ਸੰਦੇਹ ਜਾਪਦਾ ਹੈ ਕਿ ਪੌਲੁਸ ਆਪਣੇ ਕੰਮ ਦੀ ਤੁਲਨਾ ਇੱਕ "ਹੇਠਲੇ ਮਲਾਹ" ਦੇ ਕੰਮ ਨਾਲ ਕਰ ਰਿਹਾ ਸੀ। (ਕਾਰਲ ਐੱਚ. ਰੇਂਗਸਟੋਰਫ, "ὑπηρέτης," *ਥਿਓਲੋਜਿਕਲ ਡਿਕਸ਼ਨਰੀ ਆਫ ਦਿ ਨਿਉ ਟੈਸਟਾਮੈਂਟ,* ਸੰਪਾਦਕ ਗੇਰਹਾਰਡ ਫ੍ਰੇਡਰਿਕ, ਅਨੁਵਾਦਕ ਅਤੇ ਸੰਪਾਦਕ ਜੇਫਰੀ ਡਬਲਿਉ. ਬ੍ਰੋਮਾਇਲੀ [ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1972], 8:533 ਵਿੱਚ।) [2]ਬੇਨ ਵਿਦਰਿੰਗਟਨ III, *ਕੌਨਫਲਿਕਟ ਐਂਡ ਕਮਿਉਨਟੀ ਇਨ ਕੋਰਿੰਥ: ਏ ਸੋਸ਼ਿਓ-ਰੇਟੋਰਿਕਲ ਕਮੈਂਟ੍ਰੀ ਆਨ 1 ਐਂਡ 2 ਕੁਰਿੰਥੀਅੰਸ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1995), 137. [3]ਇਹ ਸ਼ਬਦ ਯੂਨਾਨੀ ਦੇ ਸ਼ਬਦ ἔσχατος (*ਐਸਕਾਟੋਸ*) ਤੋਂ ਆਇਆ ਹੈ, ਜਿਸ ਦਾ ਅਰਥ ਹੈ "ਆਖਰੀ," ਇਸ ਤਰ੍ਹਾਂ ਅੰਤ ਸਮਿਆਂ ਦਾ ਅਧਿਐਨ। [4]ਵਾਲਟਰ ਬਾਵਰ, *ਏ ਗ੍ਰੀਕ-ਇੰਗਲਿਸ਼ ਲੈਕਸਿਕਨ ਆਫ ਦਿ ਨਿਉ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸਚਿਅਨ ਲਿਟਰੇਚਰ,* ਤੀਜਾ ਸੰਸਕਰਣ, ਸੋਧ ਅਤੇ ਸੰਪਾਦਨ ਫ੍ਰੇਡਰਿਕ ਵਿਲੀਅਮ ਡੈਂਕਰ (ਸ਼ਿਕਾਗੋ: ਯੂਨੀਵਰਸਿਟੀ ਆਫ ਸ਼ਿਕਾਗੋ ਪ੍ਰੈਸ, 2000), 642. [5]ਫੀ 171 ਵਿੱਚੋਂ ਲਿਆ ਗਿਆ। [6]ਇਸ ਸਿਧਾਂਤ ਦਾ ਇੱਕ ਸਹਾਇਕ ਸਾਰ ਐਨਥਨੀ ਸੀ. ਥਿਸੇਲਟੋਨ, "ਰਿਅਲਾਈਜ਼ਡ ਐਸਕੈਟੋਲੋਜੀ ਐਟ ਕੋਰਿੰਥ," *ਨਿਉ ਟੈਸਟਾਮੈਂਟ ਸਟਡੀਜ਼* 24 (ਜੁਲਾਈ 1978): 510-26 ਵਿੱਚ ਦਿੱਤਾ ਗਿਆ ਹੈ। [7]ਮਜਦੂਰੀ ਨੂੰ ਇੱਕ ਸਰਾਪ ਅਤੇ ਕਸ਼ਟ ਮੰਨਿਆ ਜਾਂਦਾ ਸੀ; ਮਾਨਤਾ ਇਹ ਸੀ ਕਿ ਇਹ ਕੰਮ ਸਿਰਫ ਗੁਲਾਮਾਂ ਦਾ ਹੁੰਦਾ ਹੈ। (ਰੌਜਰ ਬੀ. ਹਿਲ, "ਹਿਸਟੋਰਿਕਲ ਕੌਂਟੈਕਸਟ ਆਫ ਦਿ ਵਰਕ ਐਥਿਕ," 1999, ਜੁਲਾਈ 2, 2015 ਨੂੰ ਵੇਖਿਆ ਗਿਆ, workethic.coe.uga.edu/historypdf.pdf.) [8]ਡੋਨਲਡ ਏ. ਕਾਰਸਨ, *ਫ੍ਰੋਮ ਟ੍ਰਾਇੰਫਲਿਜ਼ਮ ਟੂ ਮੈਚੋਰਿਟੀ: ਐਨ ਐਕਸਪੋਜ਼ਿਸ਼ਨ ਆਫ 2 ਕੁਰਿੰਥੀਅਨਜ਼ 10–13* (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕ ਹਾਉਸ, 1984), 2. [9]ਲਿਓਨ ਮੋਰਿਸ, *ਦਿ ਫਰਸਟ ਅਪਿਸਟਲ ਆਫ ਪੌਲ ਟੂ ਦਿ ਕੁਰਿੰਥੀਅਨਜ਼,* ਸੋਧਿਆ ਸੰਸਕਰਣ, ਦਿ ਟਿੰਡੇਲ ਨਿਉ ਟੈਸਟਾਮੈਂਟ ਕਮੈਂਟ੍ਰੀਜ਼ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ,

1985), 82. [10]ਥੌਮਸ ਹਾਰਡੀ, *ਦਿ ਮੇਯਰ ਆਫ ਕਾਸਟਰਬ੍ਰਿਜ,* ਨਵਾਂ ਸੰਸਕਰਣ (ਲੰਡਨ: ਸੈਮਪਸਨ ਲੋ, ਮਾਰਸਟਨ, ਸੀਰਲ, ਐਂਡ ਰਿਵਿੰਗਟਨ, 1887), 309.

[11]ਜੇਮਸ ਮੋਂਟਗੋਮੇਰੀ ਬੋਇਸ, "ਐਕਸਪੋਜ਼ਿਸ਼ਨ ਨੌਟ ਐਂਟਰਟੇਨਮੈਂਟ," *ਲੀਡਰਸ਼ਿਪ* 14 (ਸਪਰਿੰਗ 1993): 27. [12]ਅਗਸਟਿਨ *ਲੈਟਰਸ* 118.22. [13]ਚਾਰਲਸ ਡਿਕੰਸ, *ਡੇਵਿਡ ਕੌਪਰਫੀਲਡ,* ਦ ਵਰਕਸ ਆਫ ਚਾਰਲਸ ਡਿਕੰਸ, ਜਿਲਦ 14 (ਨਿਉ ਯੋਰਕ: ਚਾਰਲਸ ਸਕਰਿਬਨਰਜ਼ ਸੰਜ਼, 1899), 280.